# ਰੇਡੀਓ ਲਵੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ

## ਕੜੀ-17, ਪਾਣੀ ਮਨਮੋਹਕ ਤੇ ਨਵੇਕਲਾ ਰਸਾਇਣ

**(Water the Interesting & Unique Chemical )**

ਖੋਜ ਤੇ ਲੇਖਣ: ਅਭੈ ਐਸ. ਡੀ. ਰਾਜਪੂਤ

ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(This episode is about water and its impotance for existance of life on the earth. Through this the audience shall understand the properties of water both physical llike as a solvent, various physical forms of water and its chemistry that is its chemical composition and Hydrogen bonding and the importance of water in development of life. The story is told through four members of a family, father Manohar Singh teaching Mathematics in a college, his wife Seerat, an Executive Engineer in Public Health and Water Supply Department. Their son and daughter are studying in school. One of Manohar friends, Mr Rahman is running an NGO to create public awareness on water management and water conservation.)

(ਇਹ ਕੜੀ ਪਾਣੀ ਅਤੇ ਧਰਤੀ ‘ਤੇ ਜੀਵਣ ਦੀ ਹੋਂਦ ਲਈ ਪਾਣੀ ਦੀ ਮਹੱਤਤਾ ਬਾਬਤ ਹੈ ।ਇਸ ਕੜੀ ਵਿਚ ਪਾਣੀ ਦੇ ਵਿਸ਼ੇਸ਼ ਗੁਣਾਂ ਨੂੰ ਸਮਝਾਇਆ ਗਿਆ ਹੈ। ਇਸ ਕੜੀ ਦੇ ਮਾਧਿਅਮ ਨਾਲ ਸ੍ਰੋਤਾ ਪਾਣੀ ਦੀ ਘੋਲਣ ਸਮਰਥਾ, ਹਾਈਡਰੋਜਨ ਬੰਧਨ, ਉਸ ਦੀਆਂ ਭਿੰਨ-ਭਿੰਨ ਅਵਸਥਾਵਾਂ ਅਤੇ ਜੀਵਨ ਦੇ ਵਿਕਾਸ ਵਿਚ ਪਾਣੀ ਦੀ ਉਪਯੋਗਤਾ ਨੂੰ ਸਮਝ ਸਕਣਗੇ।ਇਸ ਕਹਾਣੀ ਵਿੱਚ ਇੱਕ ਪਰਿਵਾਰ ਦੇ ਚਾਰ ਜੀਅ ਹਨ । ਪਿਤਾ ਦਾ ਨਾਮ ਮਨੋਹਰ ਸਿੰਘ ਹੈ ਜੋ ਕਿ ਕਾਲਜ ਵਿੱਚ ਗਣਿਤ ਪੜ੍ਹਾਉਨਦਾ ਹੈ , ਮਾਂ ਸੀਰਤ ਜਨ ਸਿਹਤ ਤੇ ਜਲ ਪੂਰਤੀ ਵਿਭਾਗ ਵਿੱਚ ਕਾਰਜਕਾਰੀ ਇੰਜੀਨੀਅ, ਇੱਕ ਬੇਟੀ ਤੇ ਬੇਟਾ ਹੈ ਜੋ ਸਕੂਲ ਪੜ੍ਹਦੇ ਹਨ । ਮਨੋਹਓਰ ਸਿੰਘ ਦਾ ਇਕ ਦੋਸਤ ਹੈ ਰਹਿਮਾਨ ਜਿਹੜਾ ਕਿ ਪਾਣੀ ਪਰਬੰਧਨ ਬਾਬਤ ਅਤੇ ਪਾਣੀ ਦੇ ਸੁਰੱਖਿਅਣ ਬਾਬਤ ਮੁਹਿੰਮ ਚਲਾਉਣ ਵਾਲੀ ਇੱਕ ਗੈਰ ਸਰਕਾਰੀ ਸੰਸਥਾ ਚਲਾਉਂਦਾ ਹੈ ।)

### ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਮਨੋਹਰ: ਪਾਪਾ, ਗਣਿਤ ਦੇ ਅਧਿਆਪਕ ਹਨ।

ਸੀਰਤ: ਮੰਮੀ, ਜਲ ਵਿਭਾਗ ਵਿਚ ਇੰਜੀਨੀਅਰ ਹਨ।

ਮਾਧਵੀ: ਬੇਟੀ

ਮੋਹਿਤ: ਬੇਟਾ

ਰਹਿਮਾਨ: ਮਨੋਹਰ ਦੇ ਦੋਸਤ ਹਨ, ਜਿਹੜੇ ਐਨ. ਜੀ. ਓ. ਚਲਾਉਂਦੇ ਹਨ। ਉਨ੍ਹਾਂ ਦਾ ਐਨ. ਜੀ. ਓ. ਜਲ ਸੁਰੱਖਿਅਣ ਲਈ ਜਾਗਰੂਕਤਾ ਦੇ ਪ੍ਰਸਾਰ ਵਿਚ ਲੱਗਿਆ ਹੋਇਆ ਹੈ।

## <u>ਸੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

**ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ**......

(ਸੰਗੀਤ...)

**ਐਲਾਨ**: ਇਹ ਆਲ ਇੰਡੀਆ ਰੇਡਿਓ ਹੈ।ਸਾਡੇ ਨਵੇਂ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ**" ਦੀਆਂ ਸੋਲਾਂ ਕੜੀਆਂ ਰਾਹੀਂ ਅਸੀਂ ਮੌਜੂਦਾ ਵਿਕਾਸ ਮਾਡਲ ਤੇ ਉਪਭੋਗਤਾਵਾਦ ਜੀਵਣ ਸ਼ੈਲੀ ਕਾਰਨ ਦਰਪੇਸ਼ ਖਤਰਿਆਂ ਬਾਬਤ ਪੇਸ਼ਕਾਰੀਆਂ ਕਰ ਚੁੱਕੇ ਹਾਂ! ਅੱਜ ਅਸੀਂ ਆਪਣੇ ਸ੍ਰੋਤਿਆਂ ਦੇ ਰੂਬਰੂ ਹੋ ਰਹੇ ਹਾਂ "**ਟਿਕਾਊ ਵਿਕਾਸ**" ਦੇ ਇਸ ਨਾਟਕ ਰਾਹੀਂ ਜਿਸ ਵਿੱਚ ਅਸੀਂ ਕਰਾਂਗੇ ਪੇਸ਼ਕਾਰੀ ਪਾਣੀ ਤੇ ਉਸਦੇ ਗੁਣ ਦੋਸ ਤੇ ਜੀਵਣ ਵਾਸਤੇ ਇਸਦੀ ਮਹੱਤਤਾ ਬਾਬਤ!

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ**: ਵਿਗਿਆਨ ਲੜੀਵਾਰ "**ਚਲਦੀ ਰਹੇ ਇਹ ਜ਼ਿੰਦਗੀ**" ਦੀ ਅੱਜ ਪੇਸ਼ ਕੀਤੀ ਜਾ ਰਹੀ ਇਸ ਸਤਾਰ੍ਹਵੀਂ ਕੜੀ ਵਿੱਚ ਸ੍ਰੋਤਿਆਂ ਦਾ ਨਿਘਾ ਸੁਆਗਤ ਹੈ । ਜੀ ਆਇਆਂ ਨੂੰ !

**ਮਰਦ ਸੂਤਰਧਾਰ**: ਪਿਛਲੀ ਕੜੀ ਵਿੱਚ ਅਸੀਂ ਸੁਣਿਆ ਸੀ ਕਿ ਸਾਨੂੰ ਇੱਕ ਵਾਰ ਆਪਣੇ ਵਿਕਾਸ ਮਾਡਲ ਉਪਰ ਮੁੜ ਝਾਤੀ ਮਾਰਨ ਦੀ ਲੋੜ ਹੈ !

**ਔਰਤ ਸੂਤਰਧਾਰ**: ਸੁਣ ਚੁੱਕੇ ਹਾਂ ਕਿ ਖੇਤੀ ਹੈ ਰੁਜਗਾਰ ਦਾ ਸੱਭ ਤੋਂ ਵੱਡਾ ਸੋਮਾ !

**ਮਰਦ ਸੂਤਰਧਾਰ**: ਟਿਕਾਊ ਵਿਕਾਸ ਦੇ ਮੁਖ ਪਹਿਲੂਆਂ ਦੀ ਵੀ ਤਾਂ ਸੁਣੀ ਸੀ ਵਾਰਤਾ !

**ਔਰਤ ਸੂਤਰਧਾਰ**:ਸੁਣਿਆ ਸੀ ਟਿਕਾਊ ਵਿਕਾਸ ਵਿੱਚ ਸ਼ਾਮਲ ਪਹਿਲੂਆਂ, ਪਾਣੀ ਤੇ ਊਰਜਾ ਦਾ ਸੁਰੱਖਿਅਣ, ਆਫਤ ਪ੍ਰਬੰਧਨ, ਆਰਗੈਨਿਕ ਖੇਤੀ, ਸਮਾਰਟ ਸ਼ਹਿਰ ਤੇ ਬਿਮਾਰੀਆਂ ਦੀ ਰੋਕ ਥਾਮ ।

**ਮਰਦ ਸੂਤਰਧਾਰ**:ਸੁਣਾਈ ਸੀ ਵਾਰਤਾ ਪਥਰਾਹਟੀ ਬਾਲਣਾਂ ਦੀ ਤੇ ਪੈਟਰੋਲ ਦੀ ਬੱਚਤ ਵਾਸਤੇ ਕਾਰਾਂ ਦੀ ਸ਼ੇਅਰਿੰਗ ਦੀ !

**ਔਰਤ ਸੂਤਰਧਾਰ**: ਬ੍ਰਿਤਾਂਤ ਸੀ ਦੋ ਕਰੋੜ ਦੇ ਕਰੀਬ ਵਾਹਣਾਂ ਰਾਹੀਂ ਦਿੱਲੀ ਵਿੱਚ ਫੈਲੇ ਧੂੰਏਂ ਦਾ। ਸੁਣ ਲਿਆ ਸੀ ਪਥਰਾਹਟੀ ਬਾਲਣਾਂ ਰਾਹੀਂ ਹੋ ਰਹੇ ਪਰਿਆਵਰਣੀ ਪ੍ਰਦੂਸ਼ਨ ਬਾਬਤ ਵੀ।

**ਮਰਦ ਸੂਤਰਧਾਰ**:ਗੱਲ ਕੀਤੀ ਸੀ ਕਿ ਕਿਵੇਂ ਕੀਤੀ ਜਾਵੇ ਤਰਕ ਸੰਗਤ ਵਰਤੋਂ, ਇਨ੍ਹਾਂ ਪਥਰਾਹਟੀ ਈਂਧਣਾਂ ਦੀ!

**ਔਰਤ ਸੂਤਰਧਾਰ**: ਕੀਤੀ ਸੀ ਚਰਚਾ ਕਿ ਇਨ੍ਹਾਂ ਰਵਾਇਤੀ ਸ੍ਰੋਤਾਂ ਤੋਂ ਮਿਲਦੀ ਊਰਜਾ ਦੀ ਕੁਸ਼ਲ ਵਰਤੋਂ ਕਰਨ ਦੀ ਕਿਉਂ ਹੈ ਲੋੜ ?

**ਮਰਦ ਸੂਤਰਧਾਰ**:ਦੱਸੇ ਸਨ ਕੁਝ ਉਪਾਅ ਤੇ ਦਿੱਤੇ ਸਨ ਕੁੱਝ ਮਹੱਤਵਪੂਰਨ ਸੁਝਾਅ ਇਨ੍ਹਾਂ ਮੁਦਿਆ ਬਾਬਤ !

**ਔਰਤ ਸੂਤਰਧਾਰ**: ਕਾਰਬਨ ਫੁਟਪ੍ਰਿੰਟਸ ( ਕਾਰਬਨੀ ਪੈੜਾਂ ) ਦੀ ਵੀ ਕੀਤੀ ਸੀ ਚਰਚਾ ! ਕਹਾਣੀ ਸੀ ਕਿ ਕਿਵੇਂ ਕਾਰਬਨ ਤੇ ਗ੍ਰੀਨ ਹਾਊਸ ਗੈਸਾਂ ਪੈਦਾ ਕਰਨ ਵਾਲੇ ਬਾਲਣ ਬਣ ਰਹੇ ਨੇ ਗਾਥਾ ਆਲਮੀ ਤਪਸ਼ ਦੀ !

ਸੁਣਾ ਦਿੱਤਾ ਸੀ ਬ੍ਰਿਤਾਂਤ ਕਾਰਬਨ ਨਿਊਟਰਲ ਊਰਜਾ ਦਾ ਵੀ !

**ਮਰਦ ਸੂਤਰਧਾਰ:** ਕਾਰਬਨ ਕਰੈਡਿਟ ਦੀ ਗੱਲ ਕਰਕੇ ਖੋਲ੍ਹ ਦਿੱਤੀਆਂ ਸਨ ਘੁੰਡੀਆਂ ਕਿ ਕਿਵੇਂ ਅਮੀਰ ਦੇਸ ਸਾਡੇ ਕਾਰਬਨ ਕਰੈਡਿਟ ਖ਼੍ਰੀਦ ਕੇ ਆਪਣਾ ਬਚਾ ਕਰ ਲੈਂਦੇ ਹਨ ਤੇ ਕਰਦੇ ਹਨ ਪਰਿਆਵਰਣ ਨੂੰ ਵੀ ਮਲੀਨ !

**ਔਰਤ ਸੂਤਰਧਾਰ:** ਸੁਣਾਈ ਸੀ ਵਾਰਤਾ ਰਾਸਟਰੀ ਊਰਜਾ ਕੁਸ਼ਲਤਾ ਵਧਾਊ ਮਿਸਨ ਦੀ ਵੀ !

**ਮਰਦ ਸੂਤਰਧਾਰ:** ਗੱਲ ਹੋਈ ਸੀ ਊਰਜਾ ਦੀ ਵਰਤੋਂ ਦੇ ਟਿਕਾਊ ਤਰੀਕਿਆਂ ਦੀ ਵੀ !

**ਔਰਤ ਸੂਤਰਧਾਰ:** ਅੱਜ ਸੁਣਾਵਾਂਗੇ ਬ੍ਰਿਤਾਂਤ ਉਸ ਤਰਲ ਦਾ, ਜੀਵਣ ਦਾ ਜੋ ਹੈ ਆਧਾਰ, ਖੋਲਾਂਗੇ ਘੁੰਡੀਆਂ ਇਸ ਦੇ ਭੌਤਿਕ ਤੇ ਰਸਾਇਣਿਕ ਗੁਣਾਂ ਦੀਆਂ । ਸਮਝ ਗਏ ? ਨਹੀਂ ! ਬਈ ਇਹ ਹੈ ਪਾਣੀ , ਪਹਿਲਾਂ ਪਾਣੀ ਜੀਓ ਹੈ ਜਿਤ ਹਰਿਆ ਸੱਭ ਕੋਇ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ **ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ**'' ਦੀ ਸਤਾਰ੍ਹਵੀਂ ਕੜੀ ।

**(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

………………**ਕੜੀ ਦਾ ਸੰਗੀਤ** …………

**ਦ੍ਰਿਸ਼ -ਪਹਿਲਾ**

(ਮੋਹਿਤ ਨਹਾਉਣ ਗਿਆ ਹੈ ਤੇ ਬਾਥਰੂਮ ਵਿਚ ਪਾਣੀ ਖ਼ਤਮ ਹੋ ਜਾਣ 'ਤੇ ਆਵਾਜ਼ ਲਗਾ ਰਿਹਾ ਹੈ)

**ਮੋਹਿਤ:**ਪਾਪਾ ! ਪਾਪਾ! ਪਾਣੀ ਚਲਾ ਗਿਆ।ਮੈਂ ਕਿਵੇਂ ਨਹਾਵਾਂ? ਰਸੋਈ ਵਿਚੋਂ ਥੋੜ੍ਹਾ ਪਾਣੀ ਲਿਆ ਦਿਓ ਨਾ ?

**ਮਾਧਵੀ:** ਕਦੋਂ ਤੋਂ ਤਾਂ ਟੂਟੀ ਖੋਲ੍ਹ ਕੇ ਨਹਾ ਰਿਹਾ ਸੀ…… ਪਾਣੀ ਖ਼ਤਮ ਨਹੀਂ ਹੋਵੇਗਾ, ਤਾਂ ਕੀ ਹੋਵੇਗਾ?

**ਮਨੋਹਰ:** ਇਹ ਮੋਹਿਤ ਖੁਦ ਵੀ ਪਰੇਸ਼ਾਨ ਹੁੰਦਾ ਹੈ ਤੇ ਸਾਨੂੰ ਵੀ ਪਰੇਸ਼ਾਨ ਕਰਦਾ ਹੈ। ਇਸਨੂੰ ਕਿੰਨੀ ਵਾਰ ਕਿਹਾ ਹੈ ਨਹਾਉਣ ਤੋਂ ਪਹਿਲਾਂ ਬਾਲਟੀ ਭਰ ਲੈਣੀ ਚਾਹੀਦੀ ਹੈ। ਪਰ ਇਹ ਹਮੇਸ਼ਾ ਫੁਹਾਰੇ ਹੇਠ ਹੀ ਨਹਾਉਂਦਾ ਹੈ। ਪਾਣੀ ਵੀ ਬਰਬਾਦ ਕਰਦਾ ਹੈ ਅਤੇ ਪਰੇਸ਼ਾਨ ਵੀ ਹੁੰਦਾ ਹੈ।

**ਸੀਰਤ:** ਅੱਜ ਤਾਂ ਉਸ ਨੂੰ ਚੰਗੀ ਤਰ੍ਹਾਂ ਸਮਝਾਉਣਾ ਪਵੇਗਾ।

**ਮਾਧਵੀ:** ਮੰਮੀ, ਤੁਸੀਂ ਤਾਂ ਜਲ ਵਿਭਾਗ ਵਿਚ ਇੰਜੀਨੀਅਰ ਹੋ ਪਰ ਤੁਹਾਡਾ ਲਾਡਲਾ ਬੇਟਾ ਪਾਣੀ ਦੀ ਬਰਬਾਦੀ ਵਿਚ ਇੰਜੀਨੀਅਰਿੰਗ ਕਰੇਗਾ।

**ਮੋਹਿਤ:** ਓ ਬਈ ! ਕੋਈ ਪਾਣੀ ਵੀ ਲਿਆਏਗਾ ਜਾ ਮੈਂ ਐਦਾਂ ਹੀ ਬਾਹਰ ਆ ਜਾਵਾਂ। ਸਾਰੇ ਲੋਕ ਆਪਣਾ-ਆਪਣਾ ਗਿਆਨ ਝਾੜ ਰਹੇ ਹਨ। ਗਣਿਤ ਦੇ ਅਧਿਆਪਕ ਹੋਣ ਕਾਰਨ ਪਾਪਾ ਹਰ ਵਕਤ ਹਰ ਚੀਜ਼ ਵਿਚ ਨਫ਼ਾ-ਨੁਕਸਾਨ ਹੀ ਦੇਖਦੇ ਰਹਿੰਦੇ ਹਨ। ਮੰਮੀ ਵੀ ਹਰ ਸਮੇਂ ਹਰ ਜਗ੍ਹਾ ਆਪਣਾ ਇੰਜੀਨੀਅਰ ਵਾਲਾ ਦਿਮਾਗ਼ ਚਲਾਉਂਦੇ ਰਹਿੰਦੇ ਹਨ। ਹੁਣ ਤਾਂ ਮੇਰਾ ਨਹਾਉਣਾ ਵੀ ਚੰਗਾ ਨਹੀਂ ਲੱਗਦਾ।

**ਮਾਧਵੀ:** ਥੋੜ੍ਹਾ ਸੰਜਮ ਰੱਖ ਮੋਹਿਤ……ਪਾਪਾ, ਪਾਣੀ ਲਿਆ ਰਹੇ ਨੇ।

**ਮਨੋਹਰ:** ਮੋਹਿਤ ਲੈ ਪਾਣੀ (ਬਾਲਟੀ ਵਿਚ ਪਾਣੀ ਪਾਉਣ ਦੀ ਆਵਾਜ਼)

**ਮੋਹਿਤ:** ਹੁਣ ਆਉਗਾ ਨਹਾਉਣ ਦਾ ਮਜ਼ਾ!

(ਦ੍ਰਿਸ਼ ਪਰਿਵਰਤਨ ਦਾ ਸੰਗੀਤ)

## ਦ੍ਰਿਸ਼ -2

**ਮਨੋਹਰ:** ਸੀਰਤ, ਅੱਜ ਗਾਜਰ ਦਾ ਹਲਵਾ ਅਤੇ ਕਚੌਰੀ ਬਣਾਉਂਦੇ ਹਾਂ। ਲਿਆਓ ਗਾਜਰ ਸਾਫ਼ ਕਰ ਦਿੰਦਾ ਹਾਂ, ਕਚੌਰੀ ਤਾਂ ਮੈਂ ਹੀ ਬਣਾਵਾਂਗਾ।

**ਸੀਰਤ:** ਲੱਗਦਾ ਹੈ ਅੱਜ ਰਹਿਮਾਨ ਭਾਈ ਸਾਹਿਬ ਆਉਣ ਵਾਲੇ ਨੇ!

**ਮਨੋਹਰ:** ਹਾਂ ਬਈ, ਰਹਿਮਾਨ ਨੇ ਕੱਲ੍ਹ ਫੋਨ ਕੀਤਾ ਸੀ, ਮੈਂ ਦੱਸਣਾ ਭੁੱਲ ਗਿਆ। ਬੱਸ ਥੋੜ੍ਹੀ ਦੇਰ ਵਿਚ ਆਉਂਦਾ ਹੀ ਹੋਵੇਗਾ।

**ਮਾਧਵੀ:** ਮੰਮੀ ਤੁਹਾਨੂੰ ਕਿਵੇਂ ਪਤਾ ਅੱਜ ਰਹਿਮਾਨ ਅੰਕਲ ਆਉਣਗੇ।

**ਸੀਰਤ:** ਬੇਟਾ ਐਨੇ ਸਾਲ ਹੋ ਗਏ ਤੇਰੇ ਪਾਪਾ ਦੇ ਨਾਲ, ਉਨ੍ਹਾਂ ਦੇ ਦੋਸਤਾਂ ਤੇ ਉਨ੍ਹਾਂ ਦੀਆਂ ਆਦਤਾਂ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ। ਪਿਛਲੀ ਬਾਰ ਜਦ ਰਹਿਮਾਨ ਅੰਕਲ ਦੇ ਕੋਲ ਗਏ ਸੀ ਤਾਂ ਉਨ੍ਹਾਂ ਨੇ ਤੇਰੇ ਪਾਪਾ ਨੂੰ ਕਿਹਾ ਸੀ ਕਿ ਅਗਲੀ ਵਾਰ ਜਦ ਉਹ ਸਾਡੇ ਕੋਲ ਐਥੇ ਆਉਣਗੇ ਤਾਂ ਪਾਪਾ ਦੇ ਹੱਥ ਦੀਆਂ ਕਚੌਰੀਆਂ ਖਾਣਗੇ। ਤੇਰੇ ਪਾਪਾ ਦੀਆਂ ਕਚੌਰੀਆਂ ਉਦੋਂ ਤੋਂ ਮਸ਼ਹੂਰ ਹਨ ਜਦੋਂ ਇਹ ਹੋਸਟਲ ਵਿਚ ਰਹਿੰਦੇ ਸੀ। ਇਨ੍ਹਾਂ ਦੇ ਸਾਰੇ ਦੋਸਤ ਇਨ੍ਹਾਂ ਨੂੰ ਕਚੌਰੀ ਵਾਲਾ ਮਨੋਹਰ ਦੇ ਨਾਂ ਨਾਲ ਯਾਦ ਕਰਦੇ ਹਨ।

**ਮਨੋਹਰ:** ਬਈ ਆਖ਼ਿਰ ਸਵਾਦ ਹਰ ਕਿਸੇ ਦੇ ਹੱਥ ਵਿਚ ਥੋੜ੍ਹਾ ਹੁੰਦਾ ਹੈ ਉਸ ਦੇ ਲਈ ਵੀ ਇਕ ਅਲੱਗ ਹੁਨਰ ਚਾਹੀਦਾ ਹੈ।

**ਮੋਹਿਤ:** ਮੰਮੀ, ਪਾਪਾ ਗੱਲ ਤਾਂ ਸਹੀ ਕਹਿ ਰਹੇ ਹਨ, ਜਦੋਂ ਵੀ ਪਾਪਾ ਖਾਣਾ ਬਣਾਉਂਦੇ ਹਨ ਤਾਂ ਦਿਲ ਕਰਦਾ ਹੈ ਬਸ ਖਾਂਦੇ ਹੀ ਰਹੋ। (ਸਾਰੇ ਹੱਸਦੇ ਹਨ)

**ਦ੍ਰਿਸ਼ ਪਰਿਵਰਤਨ ਸੰਗੀਤ**

## ਦ੍ਰਿਸ਼-3

(ਡੋਰਬੈੱਲ ਵੱਜਦੀ ਹੈ, ਮਨੋਹਰ ਦਰਵਾਜ਼ਾ ਖੋਲਦਾ ਹੈ)

**ਮਨੋਹਰ:** ਆ ਬਈ ਰਹਿਮਾਨ, ਤੇਰਾ ਹੀ ਇੰਤਜ਼ਾਰ ਕਰ ਰਹੇ ਸੀ।

**ਰਹਿਮਾਨ:** ਨਮਸਤੇ ਮਨੋਹਰ ! ਕਿਵੇਂ ਹੋ ਤੁਸੀਂ?

**ਮਨੋਹਰ:** ਬਸ , ਤੁਹਾਡੇ ਸਵਾਗਤ ਦੀਆਂ ਤਿਆਰੀਆਂ ਵਿਚ ਲੱਗੇ ਸੀ।

**ਮਾਧਵੀ ਤੇ ਮੋਹਿਤ** (ਦੋਵੇਂ): ਨਮਸਤੇ ਅੰਕਲ।

**ਰਹਿਮਾਨ:** ਨਮਸਤੇ ਬੱਚਿਓ, ਲਓ ਤੁਹਾਡੀ ਮਨ ਪਸੰਦ ਦੀ ਚਾਕਲੇਟ ਲਿਆਇਆ ਹਾਂ।

**ਮਾਧਵੀ ਤੇ ਮੋਹਿਤ** (ਦੋਵੇ): ਥੈਂਕਯੂ ਅੰਕਲ।

**ਸੀਰਤ:** ਨਮਸਤੇ ਭਾਈ ਸਾਹਿਬ, ਬਹੁਤ ਦਿਨਾਂ ਬਆਦ ਆ ਰਹੇ ਹੋ।

**ਰਹਿਮਾਨ:** ਨਮਸਤੇ ਭਾਬੀ ਜੀ, ਬਸ ਅਜਿਹਾ ਹੀ ਚੱਲ ਰਿਹਾ ਹੈ ਅੱਜ ਇੱਥੇ ਕੱਲ੍ਹ ਉੱਥੇ।

**ਮੋਹਿਤ:** ਵਾਹ ਅੰਕਲ ਤੁਸੀਂ ਤਾਂ ਬਹੁਤ ਘੁੰਮ ਰਹੇ ਹੋ।

**ਮਾਧਵੀ:** ਤੇ ਨਾਲ ਹੀ ਲੋਕਾਂ ਵਿੱਚ ਜਲ ਸੁਰੱਖਿਅਣ ਦ ੀਜਾਗਰੂਕਤਾ ਦਾ ਨੇਕ ਕੰਮ ਵੀ ਕਰ ਰਹੇ ਹਨ।

**ਸੀਰਤ:** ਵੈਸੇ ਜਲ ਸੁਰੱਖਿਅਣ ਦੀ ਸੋਝੀ ਦੀ ਜ਼ਰੂਰਤ ਸਭ ਤੋਂ ਜ਼ਿਆਦਾ ਮੋਹਿਤ ਨੂੰ ਹੈ।

**ਮੋਹਿਤ:** ਮੰਮੀ ਮੈਂ ਪਾਣੀ ਫਾਲਤੂ ਥੋੜ੍ਹੇ ਹੀ ਡੋਲ੍ਹਦਾ ਹਾਂ।

**ਮਨੋਹਰ:** ਬੇਟਾ! ਜਿਹੜਾ ਕੰਮ ਘੱਟ ਪਾਣੀ ਵਿਚ ਹੋ ਸਕਦਾ ਹੈ ਉਸਦੇ ਲਈ ਉਸ ਤੋਂ ਕਈ ਗੁਣਾ ਪਾਣੀ ਤੁਸੀਂ ਵਰਤਦੇ ਹੋ। ਇਹ ਸਮਝਦਾਰੀ ਥੋੜ੍ਹੇ ਹੀ ਹੈ।

**ਮੋਹਿਤ:** ਮੈਨੂੰ ਸਮਝ ਨਹੀਂ ਆਉਂਦੀ ਕਿ ਜਦ ਘਰ ਦੀ ਟੈਂਕੀ ਪਾਣੀ ਨਾਲ ਭਰੀ ਹੋਈ ਹੋਵੇ ਤੇ ਅਸੀਂ ਉਸ ਦੇ ਪਾਣੀ ਦਾ ਪੂਰਾ ਉਪਯੋਗ ਕਰ ਲਈਏ ਤਾਂ ਉਸ ਵਿਚ ਕੀ ਹਰਜ਼ ਹੈ?

**ਰਹਿਮਾਨ:**ਬੇਟਾ, ਇਹੀ ਸੋਚ ਤਾਂ ਪਾਣੀ ਦੀ ਬਰਬਾਦੀ ਦਾ ਕਾਰਨ ਹੈ। ਅਸਲ ਵਿਚ ਅਸੀਂ ਸੋਚਦੇ ਹਾਂ ਕਿ ਸਾਡੇ ਕੋਲ ਜਿਹੜਾ ਪਾਣੀ ਜਮ੍ਹਾਂ ਹੈ ਉਸ ਉੱਤੇ ਕੇਵਲ ਸਾਡਾ ਹੀ ਅਧਿਕਾਰ ਹੈ। ਪਰ ਇਹ ਸਾਡੀ ਛੋਟੀ ਸੋਚ ਹੈ। ਕੁਦਰਤੀ ਸ੍ਰੋਤਾਂ 'ਤੇ ਕਿਸੇ ਇਕ ਵਿਅਕਤੀ ਦਾ ਨਹੀਂ ਸਾਰਿਆਂ ਦਾ ਅਧਿਕਾਰ ਬਰਾਬਰ ਹੁੰਦਾ ਹੈ।

**ਮੋਹਿਤ:** ਧਰਤੀ ਦੀ ਸਤ੍ਹਾ ਦਾ ਕਰੀਬ 71% ਹਿੱਸਾ ਪਾਣੀ ਨਾਲ ਢਕਿਆ ਹੋਇਆ ਹੈ। ਇਸੇ ਕਰਕੇ ਇਸ ਨੂੰ ਨੀਲਾ ਗ੍ਰਹਿ ਕਹਿੰਦੇ ਨੇ । ਫਿਰ ਪਾਣੀ ਨੂੰ ਲੈ ਕੇ ਤੁਸੀਂ ਐਨੇ ਪਰੇਸ਼ਾਨ ਕਿਉਂ ਹੋ?

**ਮਾਧਵੀ:** ਮੋਹਿਤ! ਧਰਤੀ ਦਾ ਬਹੁਤਾ ਹਿੱਸਾ ਪਾਣੀ ਨਾਲ ਤਾਂ ਢਕਿਆ ਤਾਂ ਹੋਇਆ ਹੈ ਪਰ ਇਸ ਵਿੱਚ ਪੀਣ ਯੋਗ ਪਾਣੀ ਤਾਂ ਬਹੁਤ ਹੀ ਘੱਟ ਹੈ......

**ਸੀਰਤ:** ਧਰਤੀ ਉੱਤੇ ਉਪਲੱਬਧ ਪਾਣੀ ਦਾ 97.2% ਪਾਣੀ ਮਹਾਂਸਾਗਰਾਂ ਵਿਚ ਹੈ। ਪਾਣੀ ਵਿਚ ਘੁਲੇ ਹੋਏ ਖਣਿਜ ਲੂਣਾਂ ਦੇ ਕਾਰਨ ਇਹ ਸਵਾਦ ਵਿਚ ਖਾਰਾ ਹੈ ਅਤੇ ਪੀਣ ਦੇ ਯੋਗ ਨਹੀਂ ਹੈ।

**ਰਹਿਮਾਨ:**ਹਾਂ ਠੀਕ ਕਿਹਾ ਭਾਬੀ, ਪੂਰੀ ਧਰਤੀ ਦੇ ।ਾਣੀ ਦਾ ਕੇਵਲ 2.8 % ਸਾਦਾ ਪਾਣੀ ਹੈ ਜਿਹੜਾ ਪੀਣ ਦੇ ਕੰਮ ਆ ਸਕਦਾ ਹੈ।ਇਸ 2.8% ਸਾਦੇ ਪਾਣੀ ਦਾ ਵੀ ਵੱਡਾ ਹਿੱਸਾ (77%) ਧਰੁਵਾਂ ਉੱਤੇ ਬਰਫ਼ ਦੇ ਰੂਪ ਵਿਚ ਜੰਮਿਆ ਪਿਆ ਹੈ ਜਿਹੜਾ ਸਾਡੇ ਇਸਤੇਮਾਲ ਲਈ ਅਸਾਨੀ ਨਾਲ ਉਪਲਬਧ ਨਹੀਂ ।

**ਮਨੋਹਰ:** ਧਰੁਵਾਂ ਉਪਰ ਇਸ ਪਾਣੀ ਦਾ 2.15% ਹੈ ਤੇ ਬਾਕੀ 0.65% ਵਿੱਚੋਂ 0.61% ਹੈ ਧਰਤੀ ਹੇਠ। ਧਰਤੀ ਉੱਪਰਲੇ ਕੁੱਲ ਪਾਣੀ ਦਾ ਬਹੁਤ ਹੀ ਘੱਟ ਹਿੱਸਾ ਸਾਡੇ ਵਰਤਣਯੋਗ ਹੈ। ਪਾਣੀ ਕੁਦਰਤ ਵੱਲੋਂ ਮਿਲੀ ਇਕ ਬਹੁਮੁੱਲੀ ਸੁਗਾਤ ਹੈ ਜਿਸਦੀ ਵਰਤੋਂ ਬਹੁਤ ਸਮਝਦਾਰੀ ਨਾਲ ਕਰਨ ਦੀ ਜ਼ਰੂਰਤ ਹੈ।

**ਮੋਹਿਤ:** ਪਾਪਾ, ਤੁਸੀਂ ਵੀ ਵਿਗਿਆਨੀਆਂ ਜਿਹੀਆਂ ਗੱਲਾਂ ਕਰ ਰਹੇ ਹੋ। ਪਾਣੀ ਇਕ ਬਹੁਮੁੱਲਾ ਸਾਧਨ, ਇਹ ਕੀ ਗੱਲ ਹੋਈ?

**ਸੀਰਤ:** ਬੇਟਾ, ਪਾਣੀ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।ਪਾਣੀ ਵਡਮੁੱਲੀ ਦਾਤ ਹੈ।ਪਾਣੀ ਤੇ ਜੀਵਨ ਦਾ ਬਹੁਤ ਡੂੰਘਾ ਸੰਬੰਧ ਹੈ।ਪਾਣੀ ਜੀਵਨ ਦੇ ਹਰ ਪਹਿਲੂ ਦੇ ਨਾਲ ਜੁੜਿਆ ਹੋਇਆ ਹੈ।

**ਮਨੋਹਰ:** ਮਨੁੱਖੀ ਸੱਭਿਅਤਾ ਦੀ ਸਮੁੱਚੀ ਵਿਕਾਸ ਯਾਤਰਾ ਵਿਚ ਪਾਣੀ ਨਾਲ-ਨਾਲ ਚੱਲਦਾ ਰਿਹਾ ਹੈ। ਸੰਸਾਰ

ਦੀਆਂ ਸਾਰੀਆਂ ਸੱਭਿਅਤਾਵਾਂ ਜਲ ਸ੍ਰੋਤਾਂ ਵਿਸ਼ੇਸ਼ ਤੌਰ 'ਤੇ ਨਦੀਆਂ ਦੇ ਕਿਨਾਰੇ ਵਿਕਸਿਤ ਤੇ ਪ੍ਰਫੁੱਲਤ ਹੋਈਆਂ ਹਨ ਚਾਹੇ ਉਹ ਸਿੰਧ ਘਾਟੀ ਦੀ ਸੱਭਿਅਤਾ ਹੋਵੇ ਜਾਂ ਫਿਰ ਮਿਸਰ, ਯੂਨਾਨ, ਮੈਸੋਪੋਟਾਮੀਆ ਜਾ ਚੀਨ ਦੀ ਸੱਭਿਅਤਾ।

**ਸੀਰਤ:** ਇਸੇ ਕਾਰਨ ਪਾਣੀ ਦਾ ਸਾਡੀ ਸੱਭਿਅਤਾ ਅਤੇ ਸੰਸਕ੍ਰਿਤੀ ਨਾਲ ਗਹਿਰਾ ਸਬੰਧ ਰਿਹਾ ਹੈ। ਪਾਣੀ ਸਾਡੀ ਸੋਚ ਅਤੇ ਚਿੰਤਾ ਦੀ ਦਸ਼ਾ ਤੇ ਦਿਸ਼ਾ ਦਾ ਆਧਾਰ ਰਿਹਾ ਹੈ। ਇਸ ਲਈ ਇਹ ਸਾਡੇ ਸਾਹਿਤ, ਸੰਗੀਤ, ਧਰਮ, ਕਲਾ, ਦਰਸ਼ਨ ਵਿਚ ਵਿਆਪਕ ਰੂਪ ਨਾਲ ਘੁਲ-ਮਿਲ ਗਿਆ ਹੈ। ਗੁਰਬਾਣੀ ਵਿੱਚ ਵੀ ਪਾਣੀ ਨੂੰ ਪਿਤਾ ਕਿਹਾ ਗਿਆ ਹੈ !

**ਰਹਿਮਾਨ:** ਅਸੀਂ ਤੰਦਰੁਸਤ ਰਹੀਏ, ਇਸ ਦੇ ਲਈ ਪੀਣ ਵਾਲੇ ਪਾਣੀ ਦਾ ਸਾਫ਼ ਅਤੇ ਸ਼ੁੱਧ ਹੋਣਾ ਜ਼ਰੂਰੀ ਹੈ। ਅਸਲ ਵਿਚ ਪਾਣੀ ਕੁਦਰਤ ਵਿਚ ਵਿਚਰਦੇ ਹਰੇਕ ਸਜੀਵ ਦਾ ਅਨਿਖੜਵਾਂ ਅੰਗ ਹੈ।

**ਸੀਰਤ:** ਭੋਜਨ ਬਿਨਾਂ ਆਦਮੀ ਕੁਝ ਹਫ਼ਤੇ ਤੱਕ ਜਿਉਂਦਾ ਰਹਿ ਸਕਦਾ ਹੈ ਪਰ ਪਾਣੀ ਬਿਨਾਂ ਉਹ ਕੇਵਲ ਕੁਝ ਦਿਨ ਹੀ ਜਿਉਂਦਾ ਰਹਿ ਪਾਵੇਗਾ।

**ਰਹਿਮਾਨ:** ਸਜੀਵਾਂ ਦੇ ਸਰੀਰ ਦਾ ਲਗਭਗ 60-70% ਹਿੱਸਾ ਪਾਣੀ ਹੁੰਦਾ ਹੈ। ਪਾਣੀ ਤੋਂ ਬਿਨਾਂ ਜੀਵਨ ਦੀ ਕੋਈ ਪ੍ਰਕਿਰਿਆ ਪੂਰੀ ਨਹੀਂ ਹੋ ਸਕਦੀ। ਜੀਵ ਭਾਵੇਂ ਇਕ ਕੋਸ਼ਿਕੀ ਹੋਵੇ ਜਾਂ ਬਹੁ-ਕੋਸ਼ਿਕੀ ਹਰ ਜੀਵ ਦੇ ਜ਼ਿਆਦਾ ਹਿੱਸੇ ਵਿਚ ਪਾਣੀ ਹੁੰਦਾ ਹੈ। ਉਦਾਹਰਨ ਲਈ ਈ-ਕੋਲਾਈ ਜਿਹੇ ਸੂਖਮਜੀਵ ਅਤੇ ਵਿਸ਼ਾਲ ਕਾਇ ਥਣਧਾਰੀ ਜੀਵ, ਦੋਨਾਂ ਵਿਚ ਪਾਣੀ ਦੀ ਮਾਤਰਾ 60-70% ਤੱਕ ਹੁੰਦੀ ਹੈ। ਸਾਡੀਆਂ ਕੋਸ਼ਿਕਾਵਾਂ ਵਿਚ ਪਾਏ ਜਾਣ ਵਾਲੇ ਜੀਵ ਤਰਲ ਦਾ ਅਧਿਕਤਰ ਹਿੱਸਾ ਪਾਣੀ ਹੀ ਹੁੰਦਾ ਹੈ।

**ਮੋਹਿਤ:** ਯਾਨੀ ਸਾਡੇ ਸਰੀਰ ਵਿਚ ਵੀ ਪਾਣੀ ਦੀ ਮਾਤਰਾ ਬਹੁਤ ਜ਼ਿਆਦਾ ਹੈ।

**ਰਹਿਮਾਨ:** ਹਾਂ ਬੇਟਾ, ਸਾਡੇ ਸਰੀਰ ਵਿਚ ਪਾਣੀ ਦੀ ਮਾਤਰਾ ਲਗਭਗ 60-70% ਹੁੰਦੀ ਹੈ। ਸਾਡੇ ਖ਼ੂਨ, ਕੋਸ਼ਿਕਾਵਾਂ, ਹੱਡੀਆਂ ਅਤੇ ਦੰਦਾਂ ਦੀ ਬਾਹਰੀ ਪਰਤ ਵਿਚ ਵੀ ਪਾਣੀ ਦੀ ਮੌਜੂਦਗੀ ਹੈ। ਪਾਣੀ ਸਾਡੇ ਸਰੀਰ ਦੀਆਂ ਅਨੇਕਾਂ ਰਸਾਇਣਿਕ ਕਿਰਿਆਵਾਂ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ।

**ਮਾਧਵੀ:** (ਹੈਰਾਨੀ ਨਾਲ): ਪਾਣੀ, ਰਸਾਇਣਿਕ ਕਿਰਿਆਵਾਂ ਵਿਚ ਵੀ ਭੂਮਿਕਾ ਨਿਭਾਉਂਦਾ ਹੈ!

**ਮਨੋਹਰ:** ਇਸ ਵਿਚ ਐਨੀ ਹੈਰਾਨੀ ਕਿਉਂ? ਪਾਣੀ ਵੀ ਤਾਂ ਇਕ ਰਸਾਇਣ ਹੀ ਹੈ। ਜਿਸਦਾ ਰਸਾਇਣਿਕ ਸੂਤਰ ਹੈ ਹਾਈਡਰੋਜਨ -2 ਤੇ ਆਕਸੀਜਨ -1 ($H_2O$)

**ਸੀਰਤ:** ਐੱਚ. ਟੂ. ਓ. ਯਾਨੀ ਪਾਣੀ ਦੋ ਗੈਸਾਂ - ਹਾਈਡ੍ਰੋਜਨ ਅਤੇ ਆਕਸੀਜਨ ਦਾ ਯੌਗਿਕ ਹੈ। ਪਾਣੀ ਦਾ ਇਕ ਅਣੂ, ਹਾਈਡ੍ਰੋਜਨ ਦੇ ਦੋ ਅਤੇ ਆਕਸੀਜਨ ਦੇ ਇਕ ਪਰਮਾਣੂ ਤੋਂ ਬਣਿਆ ਹੁੰਦਾ ਹੈ।

**ਮੋਹਿਤ:** ਪਾਣੀ ਰਸਾਇਣ ਹੈ ਤਾਂ ਫਿਰ ਇਸ ਦੇ ਕੁਝ ਰਸਾਇਣਿਕ ਗੁਣ ਵੀ ਹੁੰਦੇ ਹੋਣਗੇ।

**ਮਨੋਹਰ:** ਹਾਂ ਕਿਉਂ ਨਹੀਂ ?

**ਮਾਧਵੀ:** ਸ਼ੁੱਧ ਰੂਪ ਵਿਚ ਪਾਣੀ ਰੰਗਹੀਣ, ਗੰਧਹੀਣ ਅਤੇ ਸਵਾਦਹੀਣ ਹੁੰਦਾ ਹੈ।

**ਮੋਹਿਤ:** ਪਰ ਸਮੁੰਦਰ ਦਾ ਪਾਣੀ ਕਿਉਂ ਖਾਰਾ ਹੁੰਦਾ ਹੈ?

**ਰਹਿਮਾਨ:** ਬੇਟਾ, ਪਾਣੀ ਵਿਚੋਂ ਆਉਣ ਵਾਲਾ ਸਵਾਦ ਦਰਅਸਲ ਪਾਣੀ ਦਾ ਨਹੀਂ ਬਲਕਿ ਉਸ ਵਿਚ ਘੁਲੇ ਪਦਾਰਥਾਂ ਦਾ ਹੁੰਦਾ ਹੈ। ਪਾਣੀ ਇੱਕ ਚੰਗਾ ਘੋਲਕ ਹੈ । ਇਹ ਆਪਣੇ ਵਿਚ ਭਿੰਨ-ਭਿੰਨ ਪ੍ਰਕਾਰ ਦੇ ਖਣਿਜਾਂ ਅਤੇ ਲੂਣਾਂ ਨੂੰ ਘੋਲ ਲੈਂਦਾ ਹੈ ਇਸ ਲਈ ਉਹ ਖਾਰਾ ਹੋ ਜਾਂਦਾ ਹੈ।

**ਸੀਰਤ:** ਵੈਸੇ ਪਾਣੀ ਦਾ ਇਹ ਗੁਣ ਵੀ ਜੀਵਨ ਲਈ ਮਹੱਤਵਪੂਰਨ ਹੈ।

**ਰਹਿਮਾਨ:** ਪਾਣੀ ਦੀ ਤਾਂ ਬੂੰਦ-ਬੂੰਦ ਜੀਵਨ ਲਈ ਅਹਿਮ ਹੈ। ਅਸਲ ਵਿਚ ਆਪਣਾ ਸਰੀਰ ਇਕ ਛੋਟੇ ਜਿਹੇ ਸ਼ਹਿਰ ਦੀ ਤਰ੍ਹਾਂ ਹੈ ... ਇਕ ਸ਼ਹਿਰ ਨੂੰ ਚਲਾਉਣ ਲਈ ਇਕ ਬਿਹਤਰ ਆਵਾਜਾਈ ਪ੍ਰਣਾਲੀ ਦੀ ਲੋੜ ਹੁੰਦੀ ਹੈ । ਤਾਂ ਜੋ ਅਸੀਂ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਆਸਾਨੀ ਨਾਲ ਆ-ਜਾ ਸਕੀਏ। ਇਸੇ ਤਰ੍ਹਾਂ ਸਾਡੇ ਸਰੀਰ ਵਿਚ ਪਾਣੀ ਇਕ ਬੇਹਤਰੀਨ ਆਵਾਜਾਈ ਪ੍ਰਣਾਲੀ ਦਾ ਕੰਮ ਕਰਦਾ ਹੈ। ਪਾਣੀ ਭਿੰਨ-ਭਿੰਨ ਪੋਸ਼ਕ ਤੱਤਾਂ ਨੂੰ ਸਰੀਰ ਦੇ ਵੱਖ-ਵੱਖ ਅੰਗਾਂ ਤੇ ਤੰਤੂਆਂ ਤੱਕ ਪਹੁੰਚਾਉਂਦਾ ਹੈ ਅਤੇ ਨਾਲ ਹੀ ਸਰੀਰ ਵਿਚੋਂ ਪਸੀਨੇ ਅਤੇ ਪਿਸ਼ਾਬ ਦੇ ਰਾਹੀਂ ਅਸ਼ੁੱਧੀਆਂ ਬਾਹਰ ਕੱਢਦਾ ਹੈ।

**ਮਨੋਹਰ:** ਜਿਹੜਾ ਪਾਣੀ ਅਸੀਂ ਪੀਂਦੇ ਹਾਂ ਉਸ ਵਿਚ ਵੀ ਕਈ ਪ੍ਰਕਾਰ ਦੇ ਖਣਿਜ ਅਤੇ ਲੂਣ ਹੁੰਦੇ ਹਨ ਜਿਹੜੇ ਪਾਣੀ ਨੂੰ ਪੀਣ ਯੋਗ ਬਣਾਉਂਦੇ ਹਨ...... ਪਾਣੀ ਵਿਚ ਇਹ ਖਣਿਜ ਹਰ ਥਾਂ ਉੱਤੇ ਅਲੱਗ-ਅਲੱਗ ਮਾਤਰਾ ਵਿੱਚ ਪਾਏ ਜਾਂਦੇ ਹਨ।

**ਮਾਧਵੀ:** ਤਾਂਹੀਓਂ ਇਕ ਜਗ੍ਹਾ ਦੇ ਪਾਣੀ ਦਾ ਸਵਾਦ ਦੂਸਰੀ ਜਗ੍ਹਾ ਦੇ ਪਾਣੀ ਤੋਂ ਵੱਖ ਹੁੰਦਾ ਹੈ।

**ਰਹਿਮਾਨ:** ਰਸਾਇਣਿਕ ਤੌਰ ’ਤੇ ਪਾਣੀ ਇਕ ਸਧਾਰਨ ਯੌਗਿਕ ਹੈ। ਲੇਕਿਨ ਭੌਤਿਕ ਅਤੇ ਰਸਾਇਣਿਕ ਗੁਣਾਂ ਵਿਚ ਇਹ ਅਸਧਾਰਨ ਅਤੇ ਖਾਸ ਹੈ। ਪਾਣੀ ਦੇ ਇਨ੍ਹਾਂ ਵਿਸ਼ੇਸ਼ ਗੁਣਾਂ ਕਾਰਨ ਨਾ ਕੇਵਲ ਇਸ ਧਰਤੀ ਉੱਤੇ ਜੀਵਨ ਹੋਂਦ ਵਿਚ ਆਇਆ ਬਲਕਿ ਪਾਣੀ ਨੇ ਜੀਵਨ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਅੱਜ ਵੀ ਨਿਭਾ ਰਿਹਾ ਹੈ।

**ਮਨੋਹਰ:** ਇਸ ਲਈ ਤਾਂ ਅਸੀਂ ਕਰਦੇ ਹਾਂ ਪੂਜਾ ਪਾਣੀ ਦੀ। ਸਦੀਆਂ ਤੋਂ ਪਾਣੀ ਨੂੰ ਸ਼ਰਧਾ ਨਾਲ ਦੇਖਿਆ ਗਿਆ ਹੈ। ਪ੍ਰਾਚੀਨ ਸਾਹਿਤ ਵਿਚ ਪਾਣੀ ਨੂੰ ਉਨ੍ਹਾਂ ਪੰਜ ਤੱਤਾਂ ਵਿਚ ਸ਼ਾਮਿਲ ਕੀਤਾ ਗਿਆ ਸੀ ਜਿਸ ਤੋਂ ਸਾਡਾ ਸਰੀਰ ਬਣਿਆ ਹੈ।

**ਰਹਿਮਾਨ:** ਹਾਂ, ਸਦੀਆਂ ਤੋਂ ਲੋਕ ਪਾਣੀ ਨੂੰ ਇਕ ਤੱਤ ਮੰਨਦੇ ਰਹੇ ਹਨ।ਪੁਰਾਤਨ ਰਸਾਇਣਿਵਿਦ ਕੀਮਿਆਗਾਰਾਂ ਦਾ ਵੀ ਮੰਨਣਾ ਸੀ ਕਿ ਪਾਣੀ ਇਕ ਤੱਤ ਹੈ। ਪਾਣੀ ਦੇ ਬਾਰੇ ਤੱਤ ਵਾਲੀ ਧਾਰਣਾ ਲੰਬੇ ਸਮੇਂ ਤੱਕ ਬਣੀ ਰਹੀ। ਸੰਨ 1781 ਵਿਚ ਹੈਨਰੀ ਕੈਵੇਂਡਿਸ਼ ਨਾਮੀ ਵਿਗਿਆਨੀ ਨੇ ਪਹਿਲੀ ਵਾਰ ਇਹ ਸਿੱਧ ਕੀਤਾ ਕਿ ਪਾਣੀ ਕੋਈ ਤੱਤ ਨਾ ਹੋ ਕੇ ਇਕ ਯੌਗਿਕ ਹੈ।

**ਮੋਹਿਤ:** ਤਾਂ ਇਹ ਕੰਮ ਵੀ ਵਿਗਿਆਨਕਾਂ ਦੁਆਰਾ ਕੀਤਾ ਗਿਆ ਸੀ।

**ਰਹਿਮਾਨ:** ਹਾਂ ਮੋਹਿਤ, ਉਸ ਉਪਰੰਤ ਫਰਾਂਸ ਦੇ ਮਹਾਨ ਰਸਾਇਣ-ਵਿਗਿਆਨੀ ਤੇ ਅਧੁਨਿਕ ਵਿਗਿਆਨ ਦੇ

**ਜਨਕ:** ਲੈਵੋਇਜ਼ਰ ਨੇ ਸੰਨ 1783 ਵਿਚ ਇਹ ਸਿੱਧ ਕੀਤਾ ਕਿ ਪਾਣੀ ਹਾਈਡ੍ਰੋਜਨ ਤੇ ਆਕਸੀਜਨ ਤੋਂ ਬਣਿਆ ਇਕ ਰਸਾਇਣਿਕ ਯੌਗਿਕ ਹੈ।

**ਮਨੋਹਰ:** ਇਸ ਉਪਰੰਤ ਪਾਣੀ ਦੀ ਰਸਾਇਣਿਕ ਪ੍ਰਕਿਰਤੀ ਵਿਚ ਵਿਗਿਆਨੀਆਂ ਦੀ ਰੁਚੀ ਵਧਦੀ ਗਈ। ਉਨ੍ਹਾਂ ਨੇ ਬਹੁਤ ਹੀ ਸਧਾਰਨ ਦਿਸਣ ਵਾਲੇ ਇਸ ਪਾਣੀ ਦੇ ਅਸਾਧਾਰਨ ਗੁਣਾ ਨੂੰ ਸਮਝਣਾ ਸ਼ੁਰੂ ਕਰ ਦਿੱਤਾ।

**ਸੀਰਤ:** ਪਾਣੀ ਵਿਸ਼ੇਸ਼ ਰਸਾਇਣ ਤਾਂ ਹੈ ਹੀ ਪਰ ਇਹੀ ਇਕ ਅਜਿਹਾ ਯੌਗਿਕ ਹੈ ਜੋ ਧਰਤੀ ਉੱਤੇ ਠੋਸ, ਦ੍ਰਵ ਤੇ ਗੈਸ ਤਿੰਨਾਂ ਰੂਪਾਂ ਵਿਚ ਮਿਲਦਾ ਹੈ। ਭਾਫ ਇਸ ਦਾ ਗੈਸੀ ਰੂਪ ਤੇ ਬਰਫ ਠੋਸ ਰੂਪ ਹੈ।

**ਮੋਹਿਤ:** ਮੰਮੀ, ਬਰਫ਼ ਦਾ ਨਾਂ ਲੈਂਦੇ ਹੀ ਆਈਸਕ੍ਰੀਮ ਯਾਦ ਆ ਗਈ।ਸਵਾਦ ਤੇ ਇਕਦਮ ਠੰਡੀ-ਠੰਡੀ।

**ਮਾਧਵੀ:** ਬਸ ਤੈਨੂੰ ਤਾਂ ਚਾਕਲੇਟ ਅਤੇ ਆਈਸਕ੍ਰੀਮ ਖਾਣ ਦਾ ਬਹਾਨਾ ਚਾਹੀਦਾ ਹੈ।

(ਸਾਰੇ ਹੱਸਦੇ ਹਨ)

**ਮਾਧਵੀ:** ਅੰਕਲ!ਪਾਣੀ ਵਿਚ ਅਜਿਹੀ ਕਿਹੜੀ ਗੱਲ ਹੈ ਜਿਹੜੀ ਇਸਦੇ ਐਨੇ ਅਨੋਖੇ ਗੁਣਾਂ ਦੀ ਕਾਰਨ ਹੈ ?

**ਰਹਿਮਾਨ:** ਮਾਧਵੀ, ਪਾਣੀ ਸੱਚਮੁਚ ਇਕ ਵਿਲੱਖਣ ਯੌਗਿਕ ਹੈ। ਪਾਣੀ ਦੇ ਅਣੂਆਂ ਵਿਚਲਾ ਹਾਈਡ੍ਰੋਜਨ ਬੰਧਨ ਪਾਣੀ ਦੇ ਅਨੇਕਾਂ ਅਦਭੁਤ ਗੁਣਾਂ ਦਾ ਕਾਰਨ ਹੈ।ਇਸ ਬੰਧਨ ਦੇ ਬਲ ਇਸ ਨੂੰ ਇੱਕ ਨਵੇਕਲਾ ਯੋਗਿਕ ਬਣਾਉਂਦੇ ਹਨ। ਇਹ ਤੱਥ ਵੀ ਰੌਚਕ ਹੈ ਕਿ ਇਸਦੇ ਉਬਾਲ ਦਰਜੇ ਤੇ ਜਮਾਓ ਦਰਜੇ ਵਿੱਚ ਬਹੁਤ ਵੱਡਾ ਅੰਤਰ ਹੈ ਜੋ ਕਿ ਬਾਕੀ ਸਾਰੇ ਯੋਗਿਕਾਂ ਨਾਲੋਂ ਸੱਭ ਤੋਂ ਵੱਧ ਹੈ ।

**ਮੋਹਿਤ:** ਸਤਹੀ ਤਣਾਅ ਦੇ ਖਿਚਾਅ ਕਾਰਨ ਪਾਣੀ ਉੱਤੇ ਸੂਖਮ ਜੀਵ ਤੇ ਮੱਛਰ ਵਰਗੇ ਛੋਟੇ ਕੀਟ ਪਤੰਗੇ ਤੁਰਦੇ ਰਹਿੰਦੇ ਹਨ ਤੇ ਇਸ ਵਿੱਚ ਡੁੱਬਦੇ ਨਹੀ !

**ਸੀਰਤ:** ਹਾਂ! ਖੜ੍ਹੇ ਪਾਣੀ ਵਿਚ ਮੱਛਰ ਖ਼ੂਬ ਪਲਦੇ ਨੇ।ਇਸ ਲਈ ਉੱਥੇ ਅਕਸਰ ਮਿੱਟੀ ਦਾ ਤੇਲ ਛਿੜਕਿਆ ਜਾਂਦਾ ਹੈ ਜਿਸ ਨਾਲ ਪਾਣੀ ਦਾ ਸਤਹੀ ਤਣਾਅ ਘੱਟ ਜਾਂਦਾ ਹੈ ਤੇ ਮੱਛਰ ਦੇ ਲਾਰਵੇ ਡੁੱਬ ਜਾਂਦੇ ਹਨ।

**ਰਹਿਮਾਨ:** ਹਾਂ ਭਾਬੀ ਜੀ ਠੀਕ ਕਿਹਾ ਤੁਸੀਂ। ਵੈਸੇ ਧਰਤੀ ‘ਤੇ ਜੀਵਣ ਵਾਸਤੇ ਪਾਣੀ ਦੀਆਂ ਤਿੰਨੇ ਅਵਸਥਾਵਾਂ ਬਹੁਤ ਮਹੱਤਵਪੂਰਨ ਹਨ। ਪਾਣੀ ਦੇ ਤਰਲ ਰੂਪ ਦੇ ਫਾਇਦੇ ਤਾਂ ਅਸੀਂ ਸਾਰੇ ਜਾਣਦੇ ਹੀ ਹਾਂ।ਪਰ ਇਸਦੇ ਗੈਸ ਤੇ ਠੋਸ ਜਾ ਭਾਫ ਤੇ ਬਰਫ਼ ਰੂਪ ਵੀ ਪ੍ਰਿਥਵੀ ਦੇ ਔਸਤ ਤਾਪਮਾਨ ਨੂੰ ਬਣਾਈ ਰੱਖਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ।

**ਮੋਹਿਤ:** ਪ੍ਰਿਥਵੀ ਦਾ ਔਸਤ ਤਾਪਮਾਨ ਕਿੰਨਾ ਹੈ?

**ਮਨੋਹਰ:** ਪ੍ਰਿਥਵੀ ਦਾ ਔਸਤ ਤਾਪਮਾਨ ਲਗਭਗ 15 ਡਿਗਰੀ ਸੈਲਸੀਅਸ ਹੈ।

**ਰਹਿਮਾਨ:** ਸੰਨ 1930 ਤੱਕ ਹਾਈਡ੍ਰੋਜਨ ਬੰਧਨ ਬਾਰੇ ਕੋਈ ਜਾਣਕਾਰੀ ਨਹੀਂ ਸੀ। ਪਰ ਇਸ ਗੱਲ ਦਾ ਅੰਦਾਜ਼ਾ ਸੀ ਕਿ ਪਾਣੀ ਵਿੱਚ ਕੋਈ ਚੀਜ਼ ਹੈ ਜਿਹੜੀ ਉਸਨੂੰ ‘ਪਾਣੀ’ ਬਣਾਉਂਦੀ ਹੈ। ਸੰਨ 1920 ਵਿਚ ਡੀ. ਐੱਚ. ਲਾਰੇਂਸ ਨੇ ਇਸ ਬਾਰੇ ਸੰਕੇਤ ਦਿੱਤਾ ਸੀ। ਹਾਈਡ੍ਰੋਜਨ ਬੰਧਨ ਹੁੰਦੇ ਤਾਂ ਕਮਜ਼ੋਰ ਨੇ ਪਰ ਪਾਣੀ ਦੇ ਅਨੇਕਾਂ ਅਜੀਬ ਤੇ ਅਸਾਧਾਰਨ ਭੌਤਿਕ ਤੇ ਰਸਾਇਣਿਕ ਗੁਣਾਂ ਦੇ ਪਿੱਛੇ ਭੂਮਿਕਾ ਇਨ੍ਹਾਂ ਹਾਈਡ੍ਰੋਜਨ

ਬੰਧਨਾਂ ਦੀ ਹੀ ਹੈ !

**ਮੋਹਿਤ:** ਹੱਸਦੇ ਹੋਏ ...... ਹੈਲੋ ...ਹੈਲੋ...? ਹੁਣ ਹੋਰ ਬਹਿਸ ਨਹੀਂ ! ਰਹਿਮਾਨ ਅੰਕਲ ਨੂੰ ਆਪਣਾ ਵਿਖਿਆਣ ਜਾਰੀ ਰੱਖਣ ਦੇ ਲਈ ਊਰਜਾ ਦੀ ਲੋੜ ਹੈ ।(ਸਾਰੇ ਹੱਸ ਪੈਂਦੇ ਨੇ )

**ਮਾਧਵੀ:** ਬਿਲਕੁਲ ਠੀਕ ਮੋਹਿਤ !

**ਮੋਹਿਤ:** ਮੰਮੀ ਹੁਣ ਤਾਂ ਵਿਖਾ ਦਿਓ ਆਪਣੇ ਕਰਤੱਬ ! ਦੇ ਦਿਓ ਕੋਈ ਚੰਗੀ ਜਿਹੀ ਚਾਹ ਜਾਂ ਕੌਫੀ !

**ਮਾਧਵੀ:** ਪਾਪਾ ! ਹੁਣ ਵਾਇਦੇ ਮੁਤਾਬਕ ਤੁਸੀਂ ਵੀ ਤਾਂ ਬਣਾ ਦਿਓ ਸਪੈਸ਼ਲ ਪਕੌੜੇ ਅੰਕਲ ਦੇ ਵਾਸਤੇ !

**ਮੋਹਿਤ:** ਮੰਮੀ – ਪਾਪਾ ਆਪਣਾ ਕੰਮ ਕਰ ਰਹੇ ਹਨ .... ਤੇ ਅੰਕਲ ਤੁਸੀਂ ਕਹਿ ਰਹੇ ਸੀ......

**ਰਹਿਮਾਨ:** ਮੋਹਿਤ ਤੂੰ ਬੜੀ ਹੁਸ਼ਿਆਰੀ ਕਰ ਰਿਹਾ ਹੈਂ ...... ਹਾਂ ਤਾਂ ਦੱਸ ਮੈਂ ਕੀ ਕਹਿ ਰਿਹਾ ਸੀ......

**ਮੋਹਿਤ:** (ਗਾਉਂਦੇ ਹੋਏ) ਇਹ ਬੰਧਨ ਤਾਂ ਅਨੋਖਾ ਬੰਧਨ ਹੈ...... ਜੀਵਨ ਦਾ **ਸਪੰਦਨ** ਹੈ।

**ਰਹਿਮਾਨ:** ਵਾਹ ਮੋਹਿਤ ਤੂੰ ਤਾਂ ਕਾਫੀ ਚੰਗੀ ਤੁਕਬੰਦੀ ਕਰ ਲੈਂਦਾ ਹੈਂ।

**ਮਾਧਵੀ:** ਅੰਕਲ, ਸਾਰੇ ਉਲਟੇ ਸਿੱਧੇ ਕੰਮਾਂ ਵਿਚ ਮੋਹਿਤ ਅੱਗੇ ਹੈ। ਬੱਸ ਕੰਮ ਦੀਆਂ ਗੱਲਾਂ ਉਤੇ ਇਸ ਦਾ ਧਿਆਨ ਜ਼ਰਾ ਘੱਟ ਹੁੰਦਾ ਹੈ।

**ਰਹਿਮਾਨ:** ਨਹੀਂ ਬੇਟੀ, ਅਜਿਹੇ ਕੰਮਾਂ ਲਈ ਵੀ ਦਿਮਾਗ਼ ਚਾਹੀਦਾ ਹੈ। (ਹੱਸਦੇ ਹੋਏ) ਅੱਜ ਮੈਨੂੰ ਪਤਾ ਚੱਲ ਗਿਆ ਹੈ ਕਿ ਮੋਹਿਤ ਦੇ ਕੋਲ ਵੀ ਦਿਮਾਗ਼ ਹੈ।

**ਮੋਹਿਤ:** (ਰੁਸਦੇ ਹੋਏ) ਅੰਕਲ ! ਤੁਸੀਂ ਵੀ ਦੀਦੀ ਦੀ ਤਰ੍ਹਾਂ ਮੈਨੂੰ ਚਿੜਾਉਣਾ ਸ਼ੁਰੂ ਕਰ ਦਿੱਤਾ ?

**ਰਹਿਮਾਨ:** ਬੇਟਾ, ਮੈਨੂੰ ਪਤਾ ਹੈ ਤੂੰ ਹਰ ਸਾਲ ਕਲਾਸ ਵਿਚ ਪਹਿਲੇ 10 ਵਿਚ ਆਉਂਦਾ ਹੈ। ਤੂੰ ਤਾਂ ਪਾਣੀ ਦੀ ਤਰ੍ਹਾਂ ਸਾਰੇ ਗੁਣਾਂ ਵਿਚ ਮਾਹਿਰ ਹੈਂ। ਜਿਵੇਂ ਪਾਣੀ ਵਹਿ ਸਕਦਾ ਹੈ, ਵਾਸ਼ਪ ਬਣ ਉੱਡ ਸਕਦਾ ਹੈ ਅਤੇ ਬਰਫ਼ ਬਣਕੇ ਠੋਸ ਦੀ ਤਰ੍ਹਾਂ ਜੰਮ ਸਕਦਾ ਹੈ।

**ਮਨੋਹਰ:** ਵੈਸੇ, ਜੇ ਪਾਣੀ ਵਿਚ ਹਾਈਡ੍ਰੋਜਨ ਬੰਧਨ ਨਾ ਹੁੰਦੇ ਤਾਂ ਪਾਣੀ ਆਮ ਭੂਗੋਲਿਕ ਹਾਲਤਾਂ ਅਧੀਨ **ਹਾਈਡ੍ਰੋਜਨ ਸਲਫਾਈਡ** ਦੀ ਤਰ੍ਹਾਂ ਗਰੀਸ ਵਰਗਾ ਹੁੰਦਾ।

**ਮਾਧਵੀ:** ਫਿਰ ਸਾਡਾ ਕੀ ਹੁੰਦਾ?

**ਮੋਹਿਤ:** ਹੋਣਾ ਕੀ ਸੀ ? ਤੂੰ ਮੇਰੀ ਭੈਣ ਨਾ ਹੁੰਦੀ ! (ਹਾਸਾ ਛਿੜ ਪੈਂਦਾ ਹੈ )

.........**ਦ੍ਰਿਸ਼ ਬਦਲਾਅ ਸੰਗੀਤ**......

**ਦ੍ਰਿਸ਼ –4**

(ਕੱਪ ਪਲੇਟਾਂ ਦੇ ਖੜਕਨ ਦੀ ਧੁਨੀ )

**ਸੀਰਤ:** ਚੁੱਪ ਦਾ ਦਾਨ ਬਖਸ਼ੋ ਹੁਣ...... ਆਹ ਲੈ ਤੇਰੀ ਕੌਫੀ ... ਆਹ ਨਾਸ਼ਤਾ ... ਸਪੈਸ਼ਲ ਪਕੌੜੇ ?... ਉਨ੍ਹਾਂ ਲਈ ਤਾਂ ਕਰਨੀ ਪਵੇਗੀ ਉਡੀਕ ਕੁੱਝ ਵਕਤ ਤੱਕ......

**ਮਾਧਵੀ:** ਧੰਨਵਾਦ ਮੰਮੀ ! ਮਹਾਨ ਹੋ ਤੁਸੀਂ ਤਾਂ !

**ਮੋਹਿਤ:** ਵਾਹ ਦੀਦੀ ! ਕਿਆ ਮੱਖਣ ਲਗਾਇਆ ਜਾ ਰਿਹਾ ਹੈ !

**ਮਾਧਵੀ:**ਮੱਖਣ ਨਹੀਂ ਲਗਾ ਰਹੀ, ਹਕੀਕਤ ਬਿਆਨ ਕੀਤੀ ਹੈ ਜਿਵੇਂ ਹਾਈਡਰੋਜਨ ਬੰਧਨ ਤੋਂ ਬਿਨਾ ਪਾਣੀ ਸੰਭਵ ਨਹੀਂ ਸੀ ਹੋਣਾ ਇਵੇਂ ਮੰਮੀ ਤੋਂ ਬਿਨਾ ਆਹ ਚਾਹ ਪਕੌੜੇ ਵੀ ਸੰਭਵ ਨਾ ਹੁੰਦੇ ! (ਹਸਦੇ ਹੋਏ )

**ਸੀਰਤ:** ਪਾਣੀ ਤੋਂ ਬਿਨਾ ਤਾਂ ਪ੍ਰਿਥਵੀ ਉੱਤੇ ਜੀਵਨ ਦੀ ਕਲਪਨਾ ਵੀ ਸੰਭਵ ਨਹੀਂ ਸੀ ਹੋ ਪਾਉਣੀ।

**ਮਨੋਹਰ:** ਸ਼ੁਕਰ ਹੈ ਕਿ ਪਾਣੀ ਨੇ ਜੀਵਨ ਨੂੰ ਬਣਾਇਆ ਹੋਇਆ ਹੈ।

**ਰਹਿਮਾਨ:** ਪਾਣੀ ਦਾ ਹਰ ਰੂਪ ਜੀਵਨਦਾਨ ਦਿੰਦਾ ਹੈ!

**ਮਾਧਵੀ:** ਜਲਵਾਸ਼ਪਾਂ ਜਾਂ ਪਾਣੀ ਦੇ ਜਮਾਓ ਅੰਕ ਤੱਕ ਠੰਡੇ ਹੋਣ ਨਾਲ ਬਰਫ਼ ਬਣਦੀ ਹੈ ਨਾ?

**ਮਨੋਹਰ:** ਹਾਂ ਬੇਟਾ, ਜ਼ੀਰੋ ਡਿਗਰੀ ਸੈਲਸੀਅਸ ਤੱਕ ਠੰਡਾ ਹੋ ਕੇ ਪਾਣੀ ਬਣ ਜਾਂਦਾ ਹੈ ਬਰਫ਼ ! ਇਸ ਤਾਪਮਾਨ ਨੂੰ ਪਾਣੀ ਦਾ ਜਮਾਓ ਬਿੰਦੂ ਜਾਂ ਜਮਾਓ ਅੰਕ ਕਹਿੰਦੇ ਹਨ।

**ਰਹਿਮਾਨ:**ਬਰਫ਼ ਦੇ ਕਣਾਂ ਦੀ ਸੰਰਚਨਾ ਛੇ-ਭੁਜੀ ਹੁੰਦੀ ਹੈ। ਪਾਣੀ ਦੇ ਅਣੂ ਆਪਣੇ ਆਲੇ-ਦੁਆਲੇ ਦੇ ਅਣੂਆਂ ਨਾਲ ਹਾਈਡ੍ਰੋਜਨ ਬੰਧਨਾਂ ਰਾਹੀਂ ਜੁੜ ਕੇ ਇੱਕ ਖੁਲ੍ਹਾ ਜਾਲ ਜਿਹਾ ਬਣਾ ਲੈਂਦੇ ਹਨ।ਇਸੇ ਕਰਕੇ ਬਰਫ਼ ਦੀ ਘਣਤਾ ਪਾਣੀ ਨਾਲੋਂ ਘੱਟ ਹੁੰਦੀ ਹੈ, ਬਰਫ਼ ਪਾਣੀ ਉੱਪਰ ਤੈਰਦੀ ਹੈ। ਪਾਣੀ ਦੀ ਸਭ ਤੋਂ ਜ਼ਿਆਦਾ ਘਣਤਾ 4 ਡਿਗਰੀ ਸੈਲਸੀਅਸ ’ਤੇ ਹੁੰਦੀ ਹੈ , ਜਿਹੜੀ 1 ਗ੍ਰਾਮ ਪ੍ਰਤੀ ਘਣ ਸੈਂਟੀਮੀਟਰ ਹੁੰਦੀ ਹੈ।

**ਮਨੋਹਰ:** ਜ਼ੀਰੋ ਡਿਗਰੀ ਸੈਲਸੀਅਸ ਉੱਤੇ ਬਰਫ਼ ਦਾ ਆਇਤਨ ਇਸੇ ਤਾਪਮਾਨ ਵਾਲੇ ਤਰਲ ਪਾਣੀ ਤੋਂ ਕਰੀਬ 9% ਜ਼ਿਆਦਾ ਹੁੰਦਾ ਹੈ। ਇਸ ਲਈ ਤੈਰਦੇ ਸਮੇਂ ਬਰਫ਼ ਦਾ ਦਸਵਾਂ ਹਿੱਸਾ ਪਾਣੀ ਦੇ ਉੱਪਰ ਹੁੰਦਾ ਹੈ। ਸਮੁੰਦਰ ਵਿਚ ਤੈਰਦੇ ਬਰਫ਼ ਦੇ ਟੁਕੜਿਆਂ ਦਾ ਵੱਡਾ ਹਿੱਸਾ ਪਾਣੀ ਦੇ ਹੇਠਾਂ ਹੁੰਦਾ ਹੈ, ਦਿਖਾਈ ਨਹੀਂ ਦਿੰਦਾ। ਅਜਿਹੇ ਲੁਕੇ ਹੋਏ ਹਿੱਸੇ ਤੋਂ ਅਣਜਾਣ ਹੋਣ ਕਾਰਨ ਅਨੇਕਾਂ ਸਮੁੰਦਰੀ ਜਹਾਜ਼ ਦੁਰਘਟਨਾ ਗ੍ਰਸਤ ਹੋਏ ਹਨ।

ਰਹਿਮਾਨ: **‘ਰਹਿਮਨ ਪਾਣੀ ਰਾਖੀਏ , ਬਿਨ ਪਾਣੀ ਸੱਭ ਸੂਨ**
**ਪਾਣੀ ਗਏ ਨਾ ਉਬਰੇ, ਮੋਤੀ ਮਾਨਸ ਚੂਨ’**

**ਮਾਧਵੀ:** ਯਾਨੀ ਇਹ ਤਾਂ ਉਹ ਗੱਲ ਹੋਈ ਕਿ ਜਿਹੜਾ ਦਿਸ ਰਿਹਾ ਹੈ ਓਹੀ ਸੱਚ ਨਹੀਂ।

**ਸੀਰਤ:** ਹਾਂ ਇਕ ਦਮ ਠੀਕ ਕਿਹਾ ਮਾਧਵੀ ਤੂੰ। ਕਦੀ-ਕਦਾਈਂ ਦਿਸਣ ਵਾਲੀਆਂ ਚੀਜ਼ਾਂ ਉੱਤੇ ਵੀ ਆਸਾਨੀ ਨਾਲ ਭਰੋਸਾ ਨਹੀਂ ਕੀਤਾ ਜਾ ਸਕਦਾ।

**ਰਹਿਮਾਨ:** ਵੈਸੇ ਦਬਾਅ ਵਧਾਉਣ ਨਾਲ ਬਰਫ਼ ਦਾ ਪਿਘਲਾਉ ਅੰਕ ਘਟਦਾ ਹੈ। ਧਰੁਵੀ ਪ੍ਰਦੇਸ਼ਾਂ ਵਿਚ ਮੀਲਾਂ ਬੱਧੀ ਬਰਫ਼ ਦੀ ਮੋਟੀ ਪਰਤ ਹੁੰਦੀ ਹੈ। ਇਸ ਕਾਰਨ ਹੇਠਲੀਆਂ ਪਰਤਾਂ ਉੱਤੇ ਜ਼ਬਰਦਸਤ ਦਬਾਅ ਹੁੰਦਾ ਹੈ। ਸੋ, ਵਾਤਾਵਰਨੀ ਤਾਪਮਾਨ ਜ਼ੀਰੋ ਤੋਂ ਹੇਠਾਂ ਜਾਣ ’ਤੇ ਵੀ ਹੇਠਲੀ ਦੱਬੀ ਬਰਫ਼ ਪਿਘਲੀ ਅਵਸਥਾ ਵਿਚ ਹੁੰਦੀ ਹੈ ਤੇ ਪਾਣੀ ਦੀ ਤਰ੍ਹਾਂ ਵਹਿੰਦੀ ਹੈ। ਮੱਛੀਆਂ ਅਤੇ ਹੋਰ ਸਮੁੰਦਰੀ ਜੀਵ ਇਸੇ ਪਾਣੀ ‘ਚ ਬਰਫ਼ ਦੇ ਹੇਠਾਂ ਵੀ ਜਿਉਂਦੇ ਰਹਿੰਦੇ ਹਨ।

**ਮਨੋਹਰ:** ਜੀਵਨਦਾਈ ਗੁਣਾਂ ਦੇ ਨਾਲ-ਨਾਲ ਬਰਫ਼ ਮਨੋਰੰਜਨ ਦਾ ਸਧਾਨ ਵੀ ਹੈ।

**ਰਹਿਮਾਨ:** ਹਾਂ, ਬਰਫ਼ ਵਿਚ ਇਕ ਅਨੋਖਾ ਗੁਣ ਹੁੰਦਾ ਹੈ ਕਿ ਇਹ ਤਿਲਕਣੀ ਹੁੰਦੀ ਹੈ। ਇਸਦੇ ਇਸੇ ਗੁਣ ਕਾਰਨ ਸਕੇਟਿੰਗ ਅਤੇ ਸਕਾਇੰਗ ਵਰਗੇ ਖੇਡ ਬਰਫ਼ ਉਤੇ ਸੰਭਵ ਹੁੰਦੇ ਹਨ।

**ਸੀਰਤ:** ਸਾਡੇ ਦੇਸ਼ ਵਿਚ ਵੀ ਤਾਂ ਲੋਕ ਪਹਾੜੀ ਖੇਤਰਾਂ ਵਿਚ ਬਰਫ਼-ਬਾਰੀ ਦਾ ਆਨੰਦ ਲੈਂਦੇ ਹਨ ਅਤੇ ਬਰਫ਼ ਦੀਆਂ ਖੇਡਾਂ ਲਈ ਜਾਂਦੇ ਹਨ।

**ਮਨੋਹਰ:** ਹਾਂ, ਪਾਣੀ ਵਿਚ ਕਿਸ਼ਤੀਆਂ ਚੱਲਦੀਆਂ ਹਨ, ਲੋਕ ਪਾਣੀ ਵਿਚ ਤੈਰਦੇ ਹਨ। ਨਦੀਆਂ ਆਦਿ ਥਾਵਾਂ ਉੱਤੇ ਨਹਾਉਣ ਦਾ ਮਜ਼ਾ ਹੀ ਕੁਝ ਹੋਰ ਹੈ।

**ਸੀਰਤ:** ਪਰ ਅਣਜਾਣ ਪਾਣੀ ਸ੍ਰੋਤਾਂ ਵਿਚ ਨਹਾਉਣ ਸਮੇਂ ਸਾਵਧਾਨੀ ਰੱਖਣੀ ਚਾਹੀਦੀ ਹੈ। ਪਤਾ ਨਹੀਂ ਕਿਹੜੀ ਥਾਂ 'ਤੇ ਪਾਣੀ ਕਿੰਨਾ ਗਹਿਰਾ ਹੋਵੇ।

**ਰਹਿਮਾਨ:** ਭਾਬੀ ਜੀ, ਤੁਸੀਂ ਬਿਲਕੁਲ ਠੀਕ ਕਿਹਾ ਹੈ, ਅਕਸਰ ਲੋਕ ਜਲਦਬਾਜ਼ੀ ਅਤੇ ਮੌਜ-ਮਸਤੀ ਵਿਚ ਚੌਕੰਨੇ ਨਹੀਂ ਰਹਿੰਦੇ ਅਤੇ ਦੁਰਘਟਨਾਵਾਂ ਹੋ ਜਾਂਦੀਆਂ ਹਨ। ਪਾਣੀ ਦੀਆਂ ਗੱਲਾਂ ਕਰਦੇ-ਕਰਦੇ ਪਿਆਸ ਲੱਗ ਗਈ ਹੈ।

**ਮਨੋਹਰ:** ਹਾਂ ਠੀਕ ਹੈ ! ਮੈਂ ਹੁਣੇ ਲਿਆਇਆ ਨਿੰਬੂ ਪਾਣੀ ।

**ਸੀਰਤ:** ਸਾਡੇ ਲਈ ਵੀ ਲਿਆਉਣਾ।

**ਰਹਿਮਾਨ:** ਭਾਬੀ ਜੀ, ਤੁਹਾਡੇ ਲਈ ਤਾਂ ਸਪੈਸ਼ਲ ਲਿਆਏਗਾ ! ਬਿਨਾਂ ਚੀਨੀ ਵਾਲਾ (ਹੱਸਦੇ ਹੋਏ)।

**ਮੋਹਿਤ:** ਵੈਸੇ ਪਾਣੀ ਵੀ ਕਿੰਨਾ ਅਨੋਖਾ ਹੈ ਇਸ ਵਿਚ ਨਿੰਬੂ ਘੋਲ ਲਓ, ਸੱਤੂ ਘੋਲ ਲਓ, ਅੰਬ ਦਾ ਸ਼ਰਬਤ ਬਣਾ ਲਓ, ਇਹ ਸਾਰਿਆਂ ਨੂੰ ਆਪਣੇ ਵਿਚ ਘੋਲ ਲੈਂਦਾ ਹੈ। ਸਾਰਿਆਂ ਨਾਲ ਘੁਲ-ਮਿਲ ਜਾਂਦਾ ਹੈ।

**ਸੀਰਤ:**ਇਨਸਾਨਾਂ ਨੂੰ ਵੀ ਇਸੇ ਤਰ੍ਹਾਂ ਹਰ ਇਨਸਾਨ ਦੇ ਸੁੱਖ-ਦੁੱਖ ਵਿਚ ਘੁਲ-ਮਿਲ ਜਾਣਾ ਚਾਹੀਦਾ ਹੈ ।

**ਰਹਿਮਾਨ:** ਹਾਂ ਭਾਬੀ ਜੀ, ਬਸ ਸਾਨੂੰ ਪਾਣੀ ਵਰਗਾ ਹੀ ਹੋਣਾ ਪਏਗਾ। ਵੈਸੇ ਪਾਣੀ ਨੂੰ 'ਸਰਵਵਿਆਪਕ ਘੋਲਕ' ਐਂਵੇਂ ਹੀ ਨਹੀਂ ਕਹਿੰਦੇ। ਇਹ ਕਾਰਬਨਿਕ ਅਤੇ ਅਕਾਰਬਨਿਕ ਸਾਰੇ ਪਦਾਰਥਾਂ ਨੂੰ ਆਪਣੇ ਅੰਦਰ ਘੋਲ ਲੈਂਦਾ ਹੈ। ਅਜਿਹਾ ਪਾਣੀ ਦੇ ਵਿਸ਼ੇਸ਼ ਆਇਨੀਕਰਨ ਗੁਣ ਕਾਰਨ ਹੁੰਦਾ ਹੈ। ਆਇਨਕਰਨ ਹੋਣ ਵਾਲੇ ਯੌਗਿਕਾਂ ਲਈ ਤਾਂ ਪਾਣੀ ਇਕ ਉੱਤਮ ਘੋਲਕ ਹੈ।

**ਸੀਰਤ:** ਪਾਣੀ ਵਿਚ ਜ਼ਿਆਦਾਤਰ ਚੀਜ਼ਾਂ ਘੁਲ ਸਕਦੀਆਂ ਹਨ, ਇਸੇ ਕਾਰਨ ਇਹ ਖ਼ੂਨ ਵਿਚੋਂ ਆਸਾਨੀ ਨਾਲ ਪੋਸ਼ਕ ਤੱਤ ਲੈ ਸਕਦਾ ਹੈ। ਪਾਣੀ ਸਾਡੇ ਸਰੀਰ ਵਿਚ ਹਾਈਡ੍ਰਾਲੇਸਿਸ ਦੀ ਪ੍ਰਕਿਰਿਆ ਦਾ ਮੁੱਖ ਅੰਸ਼ ਹੈ। ਹਾਈਡ੍ਰਾਲੇਸਿਸ ਦੀ ਪ੍ਰਕਿਰਿਆ ਦੌਰਾਨ ਭੋਜਨ ਵਿਚ ਮੌਜੂਦ ਕਾਰਬੋਹਾਈਡ੍ਰੇਟ, ਪ੍ਰੋਟੀਨ, ਚਰਬੀ ਆਦਿ ਜਟਿਲ ਪੋਸ਼ਕ ਪਦਾਰਥ ਛੋਟੇ-ਛੋਟੇ ਅਣੂਆਂ ਵਿਚ ਟੁੱਟ ਜਾਂਦੇ ਹਨ, ਜਿਸ ਨਾਲ ਸਾਡਾ ਸਰੀਰ ਇਨ੍ਹਾਂ ਪੋਸ਼ਕ ਪਦਾਰਥਾਂ ਨੂੰ ਆਸਾਨੀ ਨਾਲ ਵਰਤ ਸਕਦਾ ਹੈ। ਕੋਸ਼ਿਕਾਵਾਂ ਦੇ ਅੰਦਰ ਹੋਣ ਵਾਲੀਆਂ ਸਾਰੀਆਂ ਕਿਰਿਆਵਾਂ ਵਿਚ ਪਾਣੀ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ।

**ਰਹਿਮਾਨ:** ਪਰ ਕਦੀ-ਕਦਾਈਂ ਕੁਝ ਗੁਣ ਖੁਦ ਲਈ ਮੁਸੀਬਤ ਵੀ ਬਣ ਜਾਂਦੇ ਹਨ। ਪਾਣੀ ਦੇ ਉੱਤਮ ਘੋਲਕ ਹੋਣ ਕਾਰਨ ਇਸ ਵਿਚ ਅਸ਼ੁੱਧੀਆਂ ਵੀ ਅਸਾਨੀ ਨਾਲ ਘੁਲ ਜਾਂਦੀਆਂ ਹਨ......ਇਸ ਲਈ ਨਦੀਆਂ ਤੋਂ ਆਉਣ ਵਾਲੇ ਪਾਣੀ ਨੂੰ ਅਸੀਂ ਸਿੱਧਾ ਹੀ ਪੀਣ ਲਈ ਨਹੀਂ ਵਰਤ ਸਕਦੇ।

**ਮਾਧਵੀ:** ਹਾਂ ਅਜਿਹੇ ਪਾਣੀ ਨੂੰ ਸਾਫ਼ ਕਰਨਾ ਹੁੰਦਾ ਹੈ। ਪਾਣੀ ਨੂੰ ਉਬਾਲ ਕੇ ਸ਼ੁੱਧ ਕੀਤਾ ਜਾ ਸਕਦਾ ਹੈ।

**ਰਹਿਮਾਨ:**ਪਾਣੀ ਕੇਵਲ ਜੀਵਨ ਲਈ ਹੀ ਨਹੀਂ ਪੂਰੀ ਪ੍ਰਿਥਵੀ ਦੇ ਲਈ ਵਿਸ਼ੇਸ਼ ਹੈ।ਦਰਅਸਲ ਪਾਣੀ ਇਕ ਅਵਸਥਾ ਤੋਂ ਦੂਸਰੀ ਅਵਸਥਾ ਵਿਚ ਬਦਲਦਾ ਰਹਿੰਦਾ ਹੈ। ਇਸ ਪ੍ਰਕਿਰਿਆ ਵਿਚ ਬਹੁਤ ਸਾਰੀ ਤਾਪ ਊਰਜਾ ਖਰਚ ਹੁੰਦੀ ਹੈ। ਇਕ ਗ੍ਰਾਮ ਬਰਫ਼ ਨੂੰ ਪਿਘਲਾਉਣ ਲਈ 80 ਕੈਲੋਰੀ ਤਾਪ ਊਰਜਾ ਚਾਹੀਦੀ ਹੈ ਜਦ ਕਿ ਇਕ ਗ੍ਰਾਮ ਪਾਣੀ ਨੂੰ ਭਾਫ ਬਣਾਉਣ ਲਈ 540 ਕੈਲੋਰੀ ਤਾਪ ਊਰਜਾ ਖਰਚ ਹੁੰਦੀ ਹੈ।

**ਮੋਹਿਤ:** ਲੇਕਿਨ ਅਜਿਹਾ ਕਿਉਂ ਹੈ ਕਿ ਪਾਣੀ ਨੂੰ ਗਰਮ ਕਰਨ ਲਈ ਜ਼ਿਆਦਾ ਗਰਮੀ ਦੀ ਜ਼ਰੂਰਤ ਹੁੰਦੀ ਹੈ।

**ਰਹਿਮਾਨ:** ਅਸਲ ਵਿਚ ਪਾਣੀ ਦਾ ਵਿਸ਼ਿਸ਼ਟ ਤਾਪ ਬਹੁਤ ਜ਼ਿਆਦਾ ਹੁੰਦਾ ਹੈ। ਇਸ ਲਈ ਪਾਣੀ ਨੂੰ ਗਰਮ ਕਰਨ ਲਈ ਬਹੁਤ ਜਿਆਦਾ ਤਾਪ ਦੀ ਜ਼ਰੂਰਤ ਹੁੰਦੀ ਹੈ।

**ਮਾਧਵੀ:** ਵਿਸ਼ਿਸ਼ਟ ਤਾਪ ਕੀ ਹੁੰਦਾ ਹੈ ਅੰਕਲ?

**ਰਹਿਮਾਨ:**ਕਿਸੇ ਪਦਾਰਥ ਦੇ ਇੱਕ ਗ੍ਰਾਮ ਭਾਰ ਦੇ ਤਾਪਮਾਨ ਨੂੰ ਇਕ ਡਿਗਰੀ ਸੈਲਸੀਅਸ ਤੱਕ ਵਧਾਉਣ ਲਈ ਜਿੰਨਾ ਤਾਪ ਜਰੂਰੀ ਹੋਵੇ ਉਸਨੂੰ ਉਸ ਪਦਾਰਥ ਦਾ ਵਸਿਸਟ ਤਾਪ ਕਹਿੰਦੇ ਹਨ। ਪਾਣੀ ਦਾ ਵਿਸ਼ਿਸ਼ਟ ਤਾਪ ਇਕ ਕੈਲੋਰੀ ਪ੍ਰਤੀ ਗ੍ਰਾਮ ਸੈਲਸੀਅਸ ਹੈ। ਲੋਹੇ ਦੀ ਤੁਲਨਾ ਵਿਚ ਇਹ ਕਰੀਬ ਦਸ ਗੁਣਾ ਹੈ। ਇਸੇ ਲਈ ਕਾਰਖ਼ਾਨਿਆਂ ਵਿਚ ਮਸ਼ੀਨਾਂ ਨੂੰ ਠੰਡਾ ਕਰਨ ਲਈ ਪਾਣੀ ਦਾ ਪ੍ਰਯੋਗ ਕੀਤਾ ਜਾਂਦਾ ਹੈ।

**ਸੀਰਤ:** ਯਾਨੀ ਪਾਣੀ ਨਾ ਕੇਵਲ ਜੀਵਨ ਲਈ ਜ਼ਰੂਰੀ ਹੈ ਬਲਕਿ ਇਹ ਜੀਵਨ ਨਾਲ ਸਬੰਧਿਤ ਭਿੰਨ-ਭਿੰਨ ਗਤੀਵਿਧੀਆਂ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਤਾਂ ਤੇ ਪਾਣੀ ਨੂੰ ਜੀਵਨ ਕਹਿਣਾ ਠੀਕ ਹੀ ਹੈ।

**ਮਨੋਹਰ:** (ਆਉਂਦੇ ਹੋਏ) ਲਓ, ਤੁਹਾਡੇ ਸਾਰਿਆਂ ਦੇ ਲਈ ਨਿੰਬੂ ਪਾਣੀ, ਮੂੰਹ ਜੋ ਸੁੱਕ ਗਏ ਗੱਲਾਂ ਨਾਲ !

**ਸੀਰਤ:** ਬਈ ਕਮਾਲ! ਨਾਲ ਹੀ ਕਚੌਰੀਆਂ ਤੇ ਗਾਜਰ ਦਾ ਹਲਵਾ ਵੀ।

**ਮੋਹਿਤ:** ਵਾਹ...... ਦੇਖਣ ਵਿਚ ਹੀ ਵਧੀਆ ਲੱਗ ਰਿਹਾ ਹੈ।

**ਮਾਧਵੀ:** ਕਾਹਲੇ ਨਾ ਪਓ, ਆਰਾਮ ਨਾਲ ਖਾਓ।

**ਰਹਿਮਾਨ:** ਬੱਚਿਓ, ਇਹੀ ਤਾਂ ਤੁਹਾਡੇ ਖਾਣ-ਪੀਣ ਦੇ ਦਿਨ ਹਨ। ਜਿੰਨਾ ਖਾਓਗੇ ਓਨਾ ਹੀ ਸਰੀਰ ਬਣੇਗਾ।

**ਸੀਰਤ:** ਤੇ ਬੇਟਾ ਜਿੰਨਾ ਪਾਣੀ ਬਚਾਓਗੇ ਓਨਾ ਹੀ ਇਸ ਦੁਨੀਆਂ ਦਾ ਭਲਾ ਹੋਵੇਗਾ।

**ਰਹਿਮਾਨ:** ਠੀਕ ਕਿਹਾ ਭਾਬੀ ਜੀ ਤੁਸੀਂ, ਪਾਣੀ ਹੈ, ਤਾਂ ਕੱਲ੍ਹ ਹੈ। ਇਹ ਗੱਲ ਸਾਨੂੰ ਸਾਰਿਆਂ ਨੂੰ ਯਾਦ ਰੱਖਣੀ ਚਾਹੀਦੀ ਹੈ। ਇਸੇ ਗੱਲ ਨੂੰ ਧਿਆਨ ਵਿਚ ਰੱਖ ਕੇ ਸੰਯੁਕਤ ਰਾਸ਼ਟਰ ਸੰਘ ਨੇ ਟਿਕਾਊ ਵਿਕਾਸ ਦੇ ਉਦੇਸ਼ਾਂ ਵਿੱਚ ਸਾਫ਼ ਪਾਣੀ ਦੀ ਉਪਲਬਧਤਾ ਨੂੰ ਮਹੱਤਵਪੂਰਨ ਸਥਾਨ ਦਿੱਤਾ ਹੈ।

**ਸੀਰਤ:** ਹਾਂ ਭਾਈ ਸਾਹਿਬ, ਅਜੇ ਵੀ ਸਾਡੇ ਦੇਸ਼ ਵਿਚ ਅਜਿਹੇ ਕਰੋੜਾਂ ਲੋਕ ਹਨ ਜਿਨ੍ਹਾਂ ਨੂੰ ਪੀਣ ਵਾਲਾ ਸਾਫ

ਪਾਣੀ ਉਪਲਬਧ ਨਹੀਂ।

**ਮਨੋਹਰ:** ਤਾਂਹੀਂਓ ਤਾਂ ਟਿਕਾਊ ਵਿਕਾਸ ਵੱਲ ਵਧਣ ਵਿਚ ਪਾਣੀ ਦੀ ਉਪਯੋਗਤਾ ਨੂੰ ਪਛਾਣਿਆ ਗਿਆ ਹੈ।

**ਰਹਿਮਾਨ:**ਹਾਂ ! ਪਾਣੀ ਸਾਡੇ ਦੇਸ਼ ਵਿਚ ਇਕ ਪ੍ਰਮੁੱਖ ਮੁੱਦਾ ਹੈ। ਨੀਤੀ ਆਯੋਗ ਨੇ ਸੰਨ 2030 ਤੱਕ ਸਾਰਿਆਂ ਨੂੰ ਸਾਫ਼ ਪੀਣਯੋਗ ਪਾਣੀ ਉਪਲਬਧ ਕਰਾਉਣ ਦੇ ਨਾਲ ਹੀ ਦੂਸ਼ਿਤ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਦੇਸ਼ ਨੂੰ ਮੁਕਤ ਕਰਾਉਣ ਦਾ ਉਦੇਸ਼ ਨਿਰਧਾਰਿਤ ਕੀਤਾ ਹੈ। ਨਿਰਮਲ ਭਾਰਤ ਮੁਹਿੰਮ, ਰਾਸ਼ਟਰੀ ਗ੍ਰਾਮੀਣ ਪੀਣਯੋਗ ਪਾਣੀ ਕਾਰਜਕ੍ਰਮ ਅਤੇ ਰਾਸ਼ਟਰੀ ਨਦੀ ਸੁਰੱਖਿਅਣ ਕਾਰਜਕ੍ਰਮਾਂ ਨੂੰ ਸ਼ੁਰੂ ਕੀਤਾ ਗਿਆ ਹੈ।

**ਮਾਧਵੀ:** ਇਨਾਂ ਕਾਰਜਕ੍ਰਮਾਂ ਤੋਂ ਬਿਨਾਂ ਸਰਕਾਰ ਤੇ ਸਮਾਜ ਦਾ ਧਿਆਨ ਅਜਿਹੇ ਪਾਰੰਪਰਿਕ ਤਰੀਕਿਆਂ ਨੂੰ ਅਪਨਾਉਣ ਵੱਲ ਵੀ ਹੈ ਜਿਹਨਾਂ ਦੁਆਰਾ ਪਾਣੀ ਸੁਰੱਖਿਅਣ ਵਿਚ ਤੇਜ਼ੀ ਲਿਆਂਦੀ ਜਾ ਸਕੇ। ਇਸ ਕੰਮ ਨੂੰ ਅਧੁਨਿਕ ਤਕਨੀਕਾਂ ਨਾਲ ਹੋਰ ਵੀ ਪ੍ਰਭਾਵਸ਼ਾਲੀ ਬਣਾਉਣ ਦੀ ਯੋਜਨਾ ਹੈ। ਅਧੁਨਿਕ ਤਕਨੀਕਾਂ ਦੁਆਰਾ ਦੂਸ਼ਿਤ ਪਾਣੀ ਨੂੰ ਸਾਫ਼ ਕਰਨ ਅਤੇ ਖਾਰੇ ਪਾਣੀ ਨੂੰ ਮਿੱਠੇ ਪਾਣੀ ਵਿਚ ਬਦਲਣ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ।

**ਮਨੋਹਰ:** ਇਕ ਦਿਨ ਅਜਿਹਾ ਆਏਗਾ ਜਦ ਹਰ ਵਿਅਕਤੀ ਨੂੰ ਸਾਫ਼ ਪੀਣਯੋਗ ਪਾਣੀ ਉਪਲਬਧ ਹੋ ਸਕੇਗਾ।

**ਰਹਿਮਾਨ:** ਹਾਂ ! ਪਰ ਜੇਕਰ ਉਸਨੂੰ ਬਰਬਾਦ ਕਰਨ ਤੋਂ ਗੁਰੇਜ ਕਰੀਏ !

**ਸੀਰਤ:** ਪਾਣੀ ਵਰਗੇ ਕੁਦਰਤੀ ਸੰਸਾਧਨਾਂ ਦਾ ਓਨਾ ਹੀ ਉਪਯੋਗ ਕਰੀਏ ਜਿੰਨੇ ਵਿਚ ਗੁਜ਼ਾਰਾ ਹੋ ਸਕੇ। ਤਦ ਹੀ ਇਹ ਧਰਤੀ ਸਾਡਾ ਪਾਲਣ-ਪੋਸ਼ਣ ਕਰਦੇ ਰਹਿਣ ਦੇ ਸਮਰੱਥ ਰਹੇਗੀ।

**ਮੋਹਿਤ:** ਠੀਕ ਹੈ ਮੰਮੀ, ਤੁਹਾਡੀ ਇਹ ਗੱਲ ਮੈਂ ਜੀਵਨ ਭਰ ਯਾਦ ਰੱਖਾਂਗਾ।

**ਮਨੋਹਰ:** ਬੇਟਾ, ਤੂੰ ਹੀ ਕਿਉਂ ਸਾਨੂੰ ਸਾਰਿਆਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ। ਤਾਂ ਕੀ ਅਸੀਂ ਸਾਰੇ ਪ੍ਰਣ ਕਰਦੇ ਹਾਂ ਕਿ ਪਾਣੀ ਦੀ ਇਕ ਬੂੰਦ ਨੂੰ ਵੀ ਬਰਬਾਦ ਨਹੀਂ ਹੋਣ ਦੇਵਾਂਗੇ।

**ਸਾਰੇ ਇਕ ਸੁਰ ਵਿਚ:** ਅਸੀਂ ਸਾਰੇ ਸੰਕਲਪ ਲੈਂਦੇ ਹਾਂ ਕਿ ਪਾਣੀ ਦੀ ਹਰੇਕ ਬੂੰਦ ਦਾ ਸਦ-ਉਪਯੋਗ ਕਰਾਂਗੇ।

**ਪ੍ਰਸ਼ਨ:**

ਪ੍ਰਸ਼ਨ -1 ਧਰਤੀ ਤੋਂ ਬਿਨਾ ਕਿਸੇ ਹੋਰ ਗ੍ਰਹਿ ‘ਤੇ ਜੀਵਣ ਦੀ ਸੰਭਾਵਨਾ ਕਿਉਂ ਨਹੀਂ ?

**ਉੱਤਰ** ਕਿਸੇ ਹੋਰ ਗ੍ਰਹਿ ਤੇ ਤਰਲ ਪਾਣੀ ਨਹੀਂ ਮਿਲਿਆ ! ਪਾਣੀ ਬਿਨ ਜੀਵਣ ਸੰਭਵ ਨਹੀਂ , ਹਰ ਜੈਵਿਕ ਵਸਤੂ ਦਾ 70% ਪਾਣੀ ਹੈ !

ਪ੍ਰਸ਼ਨ -2 ਸੰਯੁਕਤ ਰਾਸਟਰ ਸੰਘ ਦੇ 2030 ਤੱਕ ਦੇ ਟਿਕਾਊ ਵਿਕਾਸ ਦੇ ਨਿਰਧਾਰਤ ਟੀਚਿਆਂ ਵਿੱਚ ਪਾਣੀ ਦਾ ਕੀ ਟੀਚਾ ਹੈ ?

**ਉੱਤਰ:** ਸਾਲ 2030 ਤੱਕ ਸਾਰਿਆਂ ਨੂੰ ਪੀਣਯੋਗ ਸ਼ੁੱਧ ਪਾਣੀ ਉਪਲਬਧ ਕਰਵਾਉਣਾ ਤੇ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੇ ਕਾਬੂ ਪਾਉਣਾ !